ਅ.ਕ/ਮੋ.ਸ਼/2.00/29.9.2022

## PUNJAB VIDHAN SABHA

***Thursday, the 29th September, 2022***

*The Vidhan Sabha met in the Punjab Vidhan Sabha Hall, Vidhan Bhavan, Sector -1, Chandigarh at 2.00 P.M. Mr. Speaker (Sardar Kultar Singh Sandhwan) in the Chair.*

---

## MATTERS RAISED DURING ZERO HOUR

**ਮਾਨਯੋਗ ਸਪੀਕਰ:** ਜ਼ੀਰੋ ਆਵਰ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਆਪਣੇ ਗਲ ਵਿੱਚ ਸਰਦਾਰ ਫੌਜਾ ਸਿੰਘ ਸਰਾਰੀ, ਸੁਤੰਤਰਤਾ ਸੈਨਾਨੀ ਮੰਤਰੀ ਵਿਰੁੱਧ ਲਿਖੇ ਹੋਏ ਬੈਨਰ ਪਾਏ ਹੋਏ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਆਨਰੇਬਲ ਸਪੀਕਰ ਸਾਹਿਬ, ਸਾਰਿਆਂ ਨਾਲੋਂ ਪਹਿਲਾਂ ਮੁੱਦਾ ਤਾਂ ਤੁਹਾਡੇ ਧਿਆਨ ਵਿੱਚ ਇਹ ਲੈ ਕੇ ਆਉਣਾ ਹੈ ਕਿ ਇਸ ਹਾਊਸ ਦੇ ਵਿੱਚ ਸਾਡੇ ਮੰਤਰੀ ਸਰਦਾਰ ਫੌਜਾ ਸਿੰਘ ਜੀ ਬੈਠੇ ਹਨ। ਪਿਛਲੇ ਦਿਨੀਂ ਇਨ੍ਹਾਂ ਦੀ ਇੱਕ ਆਡੀਓ ਆਪਣੇ ਓ.ਐਸ.ਡੀ ਨਾਲ ਗੱਲ ਕਰਦਿਆਂ ਦੀ ਆਈ ਹੈ, ਜਿਸ ਆਡੀਓ ਨੂੰ ਇਨ੍ਹਾਂ ਨੇ ਖੁਦ ਵੀ ਤਸਲੀਮ ਕੀਤਾ ਹੈ ਜਿਸ ਵਿੱਚ ਕੁਝ ਲੋਕਾਂ ਕੋਲੋਂ ਜਿਹੜਾ ਇਨ੍ਹਾਂ ਦਾ ਹਲਕਾ ਹੈ ਉਸ ਵਿੱਚ ਕੁਝ ਗੁਦਾਮਾਂ ਵਿੱਚੋਂ ਮਾਲ ਆਉਣਾ ਸੀ, ਬਕਾਇਦਾ ਤੌਰ ਤੇ ਇੱਕ strategy ਬਣਾਈ ਜਾ ਰਹੀ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਲੋਕਾਂ ਦੇ ਕੋਲੋਂ ਪੈਸੇ ਲਏ ਜਾਣ ਜਾਂ ਕਹਿ ਲਓ ਕਿਸ ਤਰ੍ਹਾਂ ਪੈਸੇ ਉਗਰਾਹੇ ਜਾਣ। Extortion ਦੀ ਇਹ video ਬੜੀ ਸੀਰੀਅਸ ਹੈ। ਚੀਫ ਮਨਿਸਟਰ ਸਾਹਿਬ ਤਾਂ ਇੱਥੇ ਨਹੀਂ ਹਨ ਪਰ ਮੈਂ ਤੁਹਾਡੇ ਜ਼ਰੀਏ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਤੁਹਾਡੀ ਜਿਹੜੀ ਇੱਕ ਪਾਲਿਸੀ ਪਿਛਲੀ ਦਫਾ ਸੀ ਜਿਵੇਂ ਕਿ ਤੁਸੀਂ ਵਿਜੇ ਸਿੰਗਲਾ ਸਾਹਿਬ ਦੀ ਜਦੋਂ ਆਡੀਓ ਆਈ ਤਾਂ ਸੀ.ਐਮ. ਸ਼੍ਰੀ ਭਗਵੰਤ ਮਾਨ ਜੀ ਨੇ ਉਨ੍ਹਾਂ ਨੂੰ ਆਪਣੇ ਘਰ ਬੁਲਾਇਆ, ਉਨ੍ਹਾਂ ਨੇ ਸ਼੍ਰੀ ਵਿਜੇ ਸਿੰਗਲਾ ਜੀ ਨੂੰ ਪੁੱਛਿਆ ਕਿ ਕੀ ਇਹ ਆਡੀਓ ਤੁਹਾਡੀ ਹੈ? ਫਿਰ ਜੋ ਪ੍ਰੈਸ ਬਿਆਨ ਹਨ, ਉਨ੍ਹਾਂ ਵਿੱਚ ਸ਼੍ਰੀ ਵਿਜੇ ਸਿੰਗਲਾ ਜੀ ਨੇ ਤਸਲੀਮ ਕੀਤਾ ਕਿ ਮੇਰੀ

ਆਡੀਓ ਹੈ। ਉਸੇ ਟਾਈਮ Vigilance ਬੁਲਾਈ ਗਈ ਤੇ ਸੀ.ਐਮ. ਹਾਊਸ ਵਿੱਚੋਂ ਸ਼੍ਰੀ ਵਿਜੇ ਸਿੰਗਲਾ ਜੀ ਨੂੰ ਚੁਕਾ ਕੇ ਉਨ੍ਹਾਂ ਤੇ ਐਫ.ਆਈ.ਆਰ ਰਜਿਸਟਰ ਕਰਕੇ ਅਸਤੀਫਾ ਲੈ ਕੇ ਜੇਲ੍ਹ ਵਿੱਚ ਕਰ ਦਿੱਤਾ ਗਿਆ। ਸਾਡੀ ਆਪੋਜ਼ੀਸ਼ਨ ਦੀ ਇਹ ਮੰਗ ਹੈ ਕਿ ਸੇਮ ਤੌਰ ਤਰੀਕਾ ਸਰਦਾਰ ਫੌਜਾ ਸਿੰਘ ਸਰਾਰੀ ਦੇ ਉੱਪਰ ਗੌਰਮਿੰਟ ਆਫ ਪੰਜਾਬ ਲਾਗੂ ਕਰੇ। ਇਨ੍ਹਾਂ ਨੂੰ ਪਹਿਲਾਂ ਕੈਬਨਿਟ ਵਿੱਚੋਂ ਡਿਸਮਿਸ ਕੀਤਾ ਜਾਵੇ, ਇਨ੍ਹਾਂ ਤੇ ਕੇਸ ਰਜਿਸਟਰ ਕੀਤਾ ਜਾਵੇ। ਕੇਸ ਰਜਿਸਟਰ ਕਰਨ ਤੋਂ ਬਾਅਦ ਜਿੱਥੇ ਇਨ੍ਹਾਂ ਨੇ ਸਿੰਗਲਾ ਸਾਹਿਬ ਪਹੁੰਚਾਏ ਸੀ, ਇਨ੍ਹਾਂ ਨੂੰ ਵੀ ਉਥੇ ਪਹੁੰਚਾਉਣ। ਇਸ ਆਡੀਓ ਨੂੰ 20 ਦਿਨ ਹੋ ਚੁੱਕੇ ਹਨ, ਇਸ ਦੀ investigation ਕਰਵਾਈ ਜਾਵੇ। 10 ਸਤੰਬਰ ਦੀ ਇਹ ਟੇਪ ਆਈ ਹੋਈ ਹੈ। ਇਹ ਗੌਰਮਿੰਟ ਬਦਲਾਵ ਦੇ ਨਾਂ ਤੇ ਆਈ ਹੈ। ਗੌਰਮਿੰਟ ਨੇ ਇਹ ਗੱਲ ਕਹੀ ਹੈ ਕਿ ਅਸੀਂ ਸਾਰੀ ਰੂਪ-ਰੇਖਾ ਪੰਜਾਬ ਦੀ ਬਦਲਣੀ ਹੈ। ਅਸੀਂ ਕੱਟੜ ਇਮਾਨਦਾਰੀ ਜਮਾਤ ਹਾਂ। ਇੱਕ ਗੱਲ ਗੌਰਮਿੰਟ ਦੇ ਇਲਮ ਵਿੱਚ ਆ ਗਈ ਸੀ ਕਿ ਇਹ issue ਆਪੋਜ਼ੀਸ਼ਨ ਨੇ ਚੁੱਕਣਾ ਹੈ। ਇਨ੍ਹਾਂ ਨੇ ਕਿਹਾ ਸੀ ਕਿ internal notice ਇਨ੍ਹਾਂ ਨੇ ਕੱਢ ਦਿੱਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ internal notice ਇਨ੍ਹਾਂ ਦੀ ਪਾਰਟੀ ਦਾ ਹੈ, ਗੌਰਮਿੰਟ ਦਾ ਨਹੀਂ ਹੈ। ਸਾਡੀ ਇਥੇ ਮੰਗ ਹੈ ਕਿ immediately ਇਨ੍ਹਾਂ ਨੂੰ ਬਰਖਾਸਤ ਕੀਤਾ ਜਾਵੇ। ਕੇਸ ਰਜਿਸਟਰ ਕੀਤਾ ਜਾਵੇ। ਜੋ ਸ਼੍ਰੀ ਵਿਜੇ ਸਿੰਗਲਾ ਜੀ ਨਾਲ ਕੀਤਾ ਹੈ, ਸੇਮ ਤੌਰ ਤਰੀਕਾ ਇਨ੍ਹਾਂ ਤੇ ਆਪਣਾਇਆ ਜਾਵੇ। Audio ਦੀ investigation ਪੰਜਾਬ ਦੀ ਕਿਸੇ Forensic Laboratory ਨੂੰ ਨਾ ਦਿੱਤੀ ਜਾਵੇ ਬਲਕਿ ਇਹ ਸੈਂਟਰ ਦੀ ਲੈਬੋਰੇਟਰੀ ਭਾਵੇਂ Hyderabad, Bangalore ਜਿੱਥੇ ਵੀ ਹੈ, ਉੱਥੇ ਘੱਲੀ ਜਾਵੇ। ਸੋ ਇਹ ਸਾਡੀ ਮੰਗ ਹੈ। ਇਸ ਦੇ ਉੱਤੇ ਅੱਜ ਹੀ ਸੀ.ਐਮ ਇਸੇ ਟਾਈਮ ਆਪਣੀ ਸਟੇਟਮੈਂਟ ਦੇਣ, ਸਾਨੂੰ ਇਹ ਕਲੀਅਰ ਕਰਨ ਕਿ ਇਸ ਸਰਕਾਰ ਦਾ ਇਸ issue ਤੇ ਕੀ ਸਟੈਂਡ ਹੈ? ਗੌਰਮਿੰਟ ਦੇ ਸਟੈਂਡ ਨੂੰ ਸਮੁੱਚਾ ਪੰਜਾਬ ਜਾਨਣਾ ਚਾਹੁੰਦਾ ਹਾਂ। ਇਹ ਮੇਰੀ ਬੇਨਤੀ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਬੁੱਧ ਰਾਮ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** (ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲਦੇ ਹੋਏ): ਸਪੀਕਰ ਸਾਹਿਬ, ਬਾਜਵਾ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਸੀ.ਐਮ ਸਾਹਿਬ ਇਸ ਤੇ ਆਪਣਾ ਬਿਆਨ ਦੇਣ।

**ਮਾਨਯੋਗ ਸਪੀਕਰ:** ਤੁਸੀਂ ਬੈਠੋਗੇ, ਮਾਨਯੋਗ ਮੈਂਬਰ ਸਾਹਿਬ ਤੁਸੀਂ ਮੇਰਾ ਖਿਆਲ ਹੈ ਕਿ ਸਭ ਤੋਂ ਵੱਧ experienced ਹੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਹੋਏ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ) ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਬੈਠੋਗੇ, ਮਾਨਯੋਗ ਮੈਂਬਰ ਸਾਹਿਬ ਤੁਸੀਂ ਮੇਰਾ ਖਿਆਲ ਹੈ ਕਿ ਸਭ ਤੋਂ ਵੱਧ experienced ਹੋ। ਉਨ੍ਹਾਂ ਦੀ ਗੱਲ conclude ਹੋ ਗਈ ਹੈ। Zero hour ਦੇ ਵਿੱਚ ਗੌਰਮਿੰਟ respond ਕਰ ਸਕਦੀ ਹੈ ਤੇ ਨਹੀਂ ਵੀ ਕਰ ਸਕਦੀ ਹੈ। Let the Hon'ble Chief Minister come. Let the Hon'ble Chief Minister come. ਜੇ ਤੁਸੀਂ ਰੌਲਾ ਹੀ ਪਾਉਣਾ ਹੈ ਤਾਂ ਤੁਹਾਡੀ ਮਰਜ਼ੀ ਹੈ। ਤੁਹਾਡੀ ਗੱਲ ਆ ਗਈ ਹੈ। ਹੁਣ ਇਸ ਦੇ ਵਿੱਚ ਕੋਈ ਤੁਸੀਂ ਵੱਖਰੀ ਗੱਲ ਕਹਿ ਦੇਣੀ ਹੈ। ਕੀ ਤੁਸੀਂ ਉਹ ਦੱਸਣਾ ਚਾਹੁੰਦੇ ਹੋ ਜੋ ਬਾਜਵਾ ਸਾਹਿਬ ਨੇ ਗੱਲ ਨਹੀਂ ਕਹੀ ਹੈ? ਇਹ ਕਹਿਣਾ ਚਾਹੁੰਦੇ ਹੋ ਕਿ ਬਾਜਵਾ ਸਾਹਿਬ ਆਪਣੀ ਗੱਲ ਸਹੀ ਤਰ੍ਹਾਂ ਨਹੀਂ ਰੱਖ ਸਕੇ। (ਵਿਘਨ) (ਸ਼ੋਰ) ਬੁੱਧ ਰਾਮ ਜੀ, ਤੁਸੀਂ ਆਪਣੀ ਗੱਲ ਕਰੋ। (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

2.05 / 29.09.2022 ਤ.ਸ. / ਮ.ਸ਼.

**ਸ਼੍ਰੀ ਬੁੱਧ ਰਾਮ (ਬੁੱਢਲਾਡਾ)** : ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਧੰਨਵਾਦ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕਾਂਗਰਸ ਦੀ 2017 ਵਿੱਚ ਸਰਕਾਰ ਆਈ ਸੀ ਤਾਂ ਸੇਵਾ ਕੇਂਦਰਾਂ ਦੀ ਗਿਣਤੀ 2134 ਸੀ। (ਸ਼ੋਰ) (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ । )

**ਮਾਨਯੋਗ ਸਪੀਕਰ** : ਰਾਜਾ ਜੀ... ਬਾਜਵਾ ਜੀ, ਤੁਹਾਡੀ ਗੱਲ ਆ ਗਈ ਹੈ। Let the Chief Minister come. (ਵਿਘਨ) (ਸ਼ੋਰ) ਕੀ ਤੁਸੀਂ ਮਨ ਬਣਾ ਕੇ ਆਏ ਹੋ ਕਿ ਹਾਊਸ ਚੱਲਣ ਨਹੀਂ ਦੇਣਾ ਹੈ? (ਸ਼ੋਰ) ਸੀ.ਐਮ ਸਾਹਿਬ ਨੂੰ ਆਉਣ ਦਿਉ। (ਵਿਘਨ)

**ਇੱਕ ਆਵਾਜ਼ :** ਜਵਾਬ ਦਿਵਾਉ।

**ਮਾਨਯੋਗ ਸਪੀਕਰ** : ਮੈਂ ਜ਼ੀਰੋ ਆਵਰ ਵਿੱਚ ਕਿਸੇ ਨੂੰ ਜਵਾਬ ਦੇਣ ਲਈ ਬਾਈਂਡ ਨਹੀਂ ਕਰ ਸਕਦਾ। (ਵਿਘਨ) ਚੇਅਰ ਜ਼ੀਰੋ ਆਵਰ ਵਿੱਚ ਕਿਸੇ ਨੂੰ ਵੀ ਜਵਾਬ ਦੇਣ ਲਈ ਬਾਈਂਡ ਨਹੀਂ ਕਰ ਸਕਦੀ। Let the Chief Minister come. ਸਦਨ ਚੱਲਣ ਦਿਉ। (ਸ਼ੋਰ) This is his sweet will ਕਿ ਜਵਾਬ ਦੇਣਾ ਹੈ ਕਿ ਨਹੀਂ। (ਵਿਘਨ) (ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਜੇਕਰ ਅੱਜ ਉਹ ਸਦਨ ਵਿੱਚ ਨਾ ਆਉਣ।

**ਮਾਨਯੋਗ ਸਪੀਕਰ** : ਤੁਸੀਂ ਕਿਵੇਂ ਕਹਿ ਸਕਦੇ ਹੋ?

**ਸ਼੍ਰੀ ਬੁੱਧ ਰਾਮ**: ਮਾਨਯੋਗ ਸਪੀਕਰ ਸਾਹਿਬ, ਜਦੋਂ ਗੱਲ ਹੋ ਚੁੱਕੀ ਹੈ, ਲੀਡਰ ਆਫ ਦਿ ਆਪੋਜ਼ੀਸ਼ਨ ਨੇ ਗੱਲ ਕਲੀਅਰ ਕਰ ਦਿੱਤੀ ਹੈ ਤਾਂ ਉਹੀ ਗੱਲ ਦੁਬਾਰਾ ਕਰਨ ਦਾ ਕੀ ਮਤਲਬ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮਾਨਯੋਗ ਸਪੀਕਰ ਸਾਹਿਬ, ਕੀ ਤੁਸੀਂ ਇਸ ਗੱਲ ਦੀ ਐਸ਼ੋਰੈਂਸ ਦਿੰਦੇ ਹੋ ਕਿ ਜਦੋਂ ਚੀਫ ਮਨਿਸਟਰ ਸਾਹਿਬ ਆ ਜਾਣਗੇ, he will make a statement and then we will have a brief discussion on it.

**ਮਾਨਯੋਗ ਸਪੀਕਰ**: ਜ਼ੀਰੋ ਆਵਰ ਵਿੱਚ ਤੁਸੀਂ ਆਪਣੀ ਗੱਲ ਰੱਖ ਦਿੱਤੀ ਹੈ ਅਤੇ ਤੁਹਾਡੀ ਗੱਲ ਸਰਕਾਰ ਕੋਲ ਚਲੀ ਗਈ ਹੈ। ਸਰਕਾਰ ਨੇ ਕਦੋਂ ਅਤੇ ਕੀ ਜਵਾਬ ਦੇਣਾ ਹੈ, ਇਹ ਸਰਕਾਰ ਤੇ ਡਿਪੈਂਡ ਕਰਦਾ ਹੈ। (ਵਿਘਨ) (ਸ਼ੋਰ) ਮੈਂ ਇਸ ਗੱਲ ਤੇ ਕਿਸੇ ਨੂੰ ਬਾਈਂਡ ਨਹੀਂ ਕਰ ਸਕਦਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੇਰਾ ਮਾਈਕ ਤਾਂ ਆਨ ਕਰਵਾ ਦਿਉ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ, ਹੁਣ ਤੁਸੀਂ ਬੈਠੋ। ਕੀ ਤੁਸੀਂ ਹੁਣ ਕੋਈ ਵੱਖਰੀ ਗੱਲ ਕਹਿਣੀ ਹੈ? (ਵਿਘਨ) (ਸ਼ੋਰ) ਕੀ ਤੁਸੀਂ ਕੋਈ ਗਾਣਾ ਸੁਣਾਉਣਾ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਹ ਇੰਪਾਰਟੈਂਟ ਇਸ਼ੂ ਹੈ।

**ਮਾਨਯੋਗ ਸਪੀਕਰ** : ਤੁਹਾਡਾ ਇਸ਼ੂ ਆ ਗਿਆ ਹੈ। ਕੀ ਤੁਹਾਡੀ ਗੱਲ ਨੂੰ ਦੁਬਾਰਾ ਪਲੇਅ ਕਰ ਦੇਈਏ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਜੋ ਵਿਜੇ ਸਿੰਗਲਾ ਜੀ ਨਾਲ ਕੀਤਾ ਗਿਆ, why not with Fauja Singh ji.

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ। (ਸ਼ੋਰ) ਕੀ ਤੁਸੀਂ ਪੰਜਾਬ ਦੀ ਜਨਤਾ ਦਾ ਕੀਮਤੀ ਟਾਈਮ ਖਰਾਬ ਕਰਨਾ ਹੈ? ਕੀ ਤੁਸੀਂ ਮਿੱਥ ਕੇ ਆਏ ਹੋ ਕਿ ਟਾਈਮ ਖਰਾਬ ਕਰਨਾ ਹੈ? (ਵਿਘਨ) ਤੁਸੀਂ ਇੱਥੇ ਕੋਈ ਗੱਲ ਹੋਣ ਦਿਉ। (ਵਿਘਨ) (ਸ਼ੋਰ) ਕਿਸੇ ਨੂੰ ਕੋਈ ਮੁੱਦਾ ਚੁੱਕਣ ਦਿਉ, ਕੋਈ ਗੱਲ ਹੋਣ ਦਿਉ। ਹਾਲੇ ਸ਼ੁਰੂ ਹੀ

ਹੋਇਆ ਹੈ। ਤੁਹਾਡੇ ਹੋਰ ਸਾਥੀਆਂ ਨੇ ਵੀ ਕੋਈ ਮਸਲਾ ਰੱਖਣਾ ਹੋਵੇਗਾ। ਕੀ ਇਹ ਇਕੱਲਾ ਹੀ ਇਸ਼ੂ ਹੈ? (ਸ਼ੋਰ) ਤੁਹਾਡਾ ਮਾਈਕ ਆਨ ਸੀ ਅਤੇ ਤੁਹਾਡੀ ਗੱਲ ਆ ਗਈ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ** **

**ਮਾਨਯੋਗ ਸਪੀਕਰ** : ਜੋ ਕੁਝ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਦ ਦਿ ਹਾਊਸ ਵਿੱਚ ਆ ਗਏ ਅਤੇ ** ** ਨਾਅਰੇ ਲਗਾਉਣ ਲੱਗੇ।)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ। ਚੀਮਾ ਜੀ ਖੜ੍ਹੇ ਹਨ। (ਵਿਘਨ) (ਸ਼ੋਰ) ਬੁੱਧ ਰਾਮ ਜੀ ਤੁਸੀਂ ਬੈਠੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਨਯੋਗ ਸਪੀਕਰ ਸਾਹਿਬ, ਬਹੁਤ ਸਾਰੇ ਸਤਿਕਾਰਯੋਗ ਸੱਜਣ, ਰੰਧਾਵਾ ਸਾਹਿਬ ਵਿਧਾਨ ਸਭਾ ਵਿੱਚ ਕਈ-ਕਈ ਵਾਰ ਜਿੱਤ ਕੇ ਆਏ ਹਨ। ਇਨ੍ਹਾਂ ਨੂੰ ਹਾਲੇ ਤੱਕ ਪੰਜਾਬ ਵਿਧਾਨ ਸਭਾ ਦੀ ਰੂਲ ਬੁੱਕ ਦਾ ਗਿਆਨ ਨਹੀਂ ਹੈ। (ਸ਼ੋਰ) ਜ਼ੀਰੋ ਆਵਰ ਵਿੱਚ ਕੋਈ ਵੀ ਮੁੱਦਾ ਉਠਾਇਆ ਜਾ ਸਕਦਾ ਹੈ। ਕਦੇ ਉਸ ਦਾ ਰਿਪਲਾਈ ਵੀ ਆ ਜਾਂਦਾ ਹੈ। (ਵਿਘਨ) ਮੈਂ ਹੈਰਾਨ ਹਾਂ ਕਿ ਜਿਹੜੇ ਦੋ-ਦੋ, ਤਿੰਨ-ਤਿੰਨ ਵਾਰ ਜਿੱਤ ਕੇ ਆਏ ਹਨ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜ਼ੀਰੋ ਆਵਰ ਦੌਰਾਨ ਸਿਰਫ ਆਪਣੀ ਗੱਲ ਰੱਖ ਸਕਦਾ ਹੈ। (ਵਿਘਨ) (ਸ਼ੋਰ) ਇਨ੍ਹਾਂ ਕੋਲ ਪੰਜਾਬ ਬਾਰੇ ਬੋਲਣ ਲਈ ਕੋਈ ਵੀ ਮੁੱਦਾ ਨਹੀਂ ਹੈ। ਪੰਜਾਬ ਸਰਕਾਰ ਲਗਾਤਾਰ ਪਿਛਲੇ 6 ਮਹੀਨਿਆਂ ਤੋਂ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਪੰਜਾਬੀਆਂ ਦੇ ਹੱਕ ਵਿੱਚ ਫੈਸਲੇ ਲੈ ਰਹੀ ਹੈ। (ਸ਼ੋਰ) ਪੰਜਾਬ ਦੇ ਲੋਕਾਂ ਦੇ ਹੱਕ ਵਿੱਚ 300 ਯੂਨਿਟ ਮਾਫ ਕਰਨ ਦਾ ਇਤਿਹਾਸਕ ਫ਼ੈਸਲਾ ਹੋਇਆ। ਇਨ੍ਹਾਂ ਵਿੱਚ ਇੰਨਾ ਵੀ ਦਮ ਨਹੀਂ ਹੈ ਕਿ ਉਸ ਦਾ ਧੰਨਵਾਦ ਕਰ ਸਕਣ। (ਵਿਘਨ) ਪਹਿਲੀ ਵਾਰ ਹੋਇਆ ਹੈ ਕਿ ਇੱਕ ਵਿਧਾਇਕ ਇੱਕ ਪੈਨਸ਼ਨ ਹੋਈ ਹੈ, ਪਹਿਲੀ ਵਾਰ ਹੋਇਆ ਹੈ ਕਿ ਸਰਹੱਦ ਤੇ ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਪਰਿਵਾਰਾਂ ਨੂੰ ਇੱਕ ਕਰੋੜ ਰੁਪਏ ਦੀ ਸਨਮਾਨ ਰਾਸ਼ੀ ਮਿਲਣ ਲੱਗੀ ਹੋਵੇ। ਸੋ, ਮੈਂ ਸਮਝਦਾ ਹਾਂ ਕਿ ਅੱਜ ਕਾਂਗਰਸ ਪਾਰਟੀ ਭਾਰਤੀ ਜਨਤਾ ਪਾਰਟੀ ਵਿੱਚ ਜਾਣ ਲਈ ਤਰਲੋ ਮੱਛੀ ਹੋ ਰਹੀ ਹੈ।

ਗ.ਕੌ/ਸ਼.ਜ./ 29-9-2022/2.10

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਨੂੰ ਪੰਜਾਬ ਦੀ ਵਿਧਾਨ ਸਭਾ ਦੀ ਕਿਤਾਬ ਦਾ ਪਾਠ ਪੜ੍ਹਾਇਆ ਜਾਣਾ ਚਾਹੀਦਾ ਹੈ। ਇਹ ਕਈ-ਕਈ ਵਾਰ ਜਿੱਤ ਕੇ ਆਏ ਹਨ, ਪੜ੍ਹੇ-ਲਿਖੇ ਹਨ। ਇਨ੍ਹਾਂ ਲਈ ਸਪੈਸ਼ਲ ਕਲਾਸ ਰੱਖ ਦਿਓ। ਧੰਨਵਾਦ ਜੀ।(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਸਤਿਕਾਰਯੋਗ ਮੈਂਬਰ ਸਾਹਿਬਾਨ, ਜਿਹੜੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਹਨ, ਵੈਸੇ ਤਾਂ ਤੁਹਾਨੂੰ ਮੇਰੇ ਨਾਲੋਂ ਵੱਧ ਪਤਾ ਹੈ। ਇਹ ਵੈੱਲ ਵੀ ਤੁਹਾਡਾ ਹੈ। ਇਹ ਸੀਟਾਂ ਵੀ ਤੁਹਾਡੀਆਂ ਹਨ। ਜਿਹੜੀ ਗੱਲ ਤੁਹਾਡੀ ਆ ਗਈ ਹੈ (ਵਿਘਨ)(ਸ਼ੋਰ) ਹੁਣ ਤਾਂ ਤੁਹਾਡੇ ਨਾਅਰੇ ਵੀ ਆ ਗਏ ਹਨ, ਟੀ.ਵੀ. ਵਿੱਚ ਚਲੇ ਗਏ ਹਨ (ਵਿਘਨ)(ਸ਼ੋਰ) ਤੁਹਾਡੇ ਨਾਅਰੇ ਟੀ.ਵੀ. ਵਿੱਚ ਵੀ ਆ ਗਏ ਹਨ। ਤੁਹਾਡੀਆਂ ਫੋਟੋਆਂ ਵੀ ਆ ਗਈਆਂ ਹਨ। ਹੁਣ ਪੰਜਾਬ ਦੇ ਲੋਕਾਂ ਦੀ ਕੋਈ ਗੱਲ ਹੋ ਜਾਣ ਦਿਓ। ਅਸੀਂ ਹੁਣ ਕੋਈ ਗੱਲ ਕਰ ਲਈਏ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਹੁਣ ਪੰਜਾਬ ਦੀ ਕੋਈ ਗੱਲ ਹੋ ਜਾਵੇ। ਕੀ ਅਸੀਂ ਪੰਜਾਬ ਦੀ ਕੋਈ ਗੱਲ ਨਹੀਂ ਕਰਨੀ? (ਵਿਘਨ)(ਸ਼ੋਰ) ਰੰਧਾਵਾ ਸਾਹਿਬ, ਤੁਸੀਂ ਸਭ ਤੋਂ ਵੱਧ ਤਜਰਬੇਕਾਰ ਹੋ। ਮਾਨ ਸਾਹਿਬ ਨੂੰ ਆ ਜਾਣ ਦਿਓ। (ਵਿਘਨ)(ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲ ਰਹੇ ਸਨ ਅਤੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਆਪਸ ਵਿੱਚ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ)।

**ਮਾਨਯੋਗ ਸਪੀਕਰ:** ਹੁਣ ਬੁੱਧ ਰਾਮ ਜੀ ਬੋਲਣਗੇ। (ਵਿਘਨ)(ਸ਼ੋਰ)

**ਸ਼੍ਰੀ ਬੁੱਧ ਰਾਮ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਦੱਸਣਾ ਚਾਹੁੰਦਾ ਹਾਂ (ਵਿਘਨ)(ਸ਼ੋਰ)।

**ਮਾਨਯੋਗ ਸਪੀਕਰ:** ਕੀ ਤੁਸੀਂ ਜ਼ੀਰੋ ਆਵਰ ਚਲਾਉਣਾ ਨਹੀਂ ਚਾਹੁੰਦੇ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) (ਵਿਘਨ)(ਸ਼ੋਰ) ਤੁਸੀਂ ਜ਼ੀਰੋ ਆਵਰ ਨਹੀਂ ਚਾਹੁੰਦੇ? ਆਪਣੀਆਂ-ਆਪਣੀਆਂ ਸੀਟਾਂ ਤੇ ਚੱਲੋ।

**ਊਰਜਾ ਮੰਤਰੀ (ਸਰਦਾਰ ਹਰਭਜਨ ਸਿੰਘ):** ਸਪੀਕਰ ਸਾਹਿਬ, ਤੁਸੀਂ ਕਹਿੰਦੇ ਹੋ ਕਿ ਇਹ ਤਜਰਬੇਕਾਰ ਹਨ। ਇਹ ਕਿਹੜੇ ਤਜਰਬੇਕਾਰ ਹਨ? ਇਹ ਕੱਲ੍ਹ ਜ਼ੀਰੋ ਆਵਰ ਦੀ ਗੱਲ ਕਰ ਰਹੇ ਸਨ। ਹੁਣ ਜਦੋਂ ਜ਼ੀਰੋ ਆਵਰ ਮਿਲਦਾ ਹੈ ਤਾਂ ਰੌਲਾ ਪਾ ਰਹੇ ਹਨ। (ਵਿਘਨ)(ਸ਼ੋਰ)

2.15 ਕੁ.ਕ/ਸ਼.ਜ 29.09.2022

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ-ਆਪਣੀਆਂ ਸੀਟਾਂ ਤੇ ਜਾਉ। (ਵਿਘਨ)(ਸ਼ੋਰ) ਬਾਜਵਾ ਜੀ, ਸੀਟਾਂ ਤੇ ਜਾਉ। ਆਪਣੀਆਂ-ਆਪਣੀਆਂ ਸੀਟਾਂ ਤੇ ਬੈਠੋ। ਬਾਜਵਾ ਜੀ, ਸੀਟ ਤੇ ਬੈਠੋ। (ਵਿਘਨ) (ਸ਼ੋਰ) ਰਾਜਾ ਜੀ, ਕੀ ਤੁਸੀਂ ਕੋਈ ਵੱਖਰੀ ਗੱਲ ਕਰਨੀ ਹੈ? ਜੇ ਗੱਲ ਕਰਨੀ ਹੈ ਤਾਂ ਆਪਣੀ ਸੀਟ ਤੇ ਜਾਓ ਅਤੇ ਆਪਣੀ ਗੱਲ ਕਰੋ। ਸੀਟਾਂ ਤੇ ਪਹੁੰਚੋ। ਜਾਓ, ਆਪਣੀ ਸੀਟ ਤੇ ਜਾਓ ਤੇ ਗੱਲ ਕਰੋ। (ਵਿਘਨ) (ਸ਼ੋਰ) ਜੇ ਤੁਸੀਂ ਬੋਲਣਾ ਹੈ, ਕੋਈ ਵੱਖਰੀ ਗੱਲ ਕਰਨੀ ਹੈ ਤਾਂ ਆਪਣੀ ਸੀਟ ਤੇ ਜਾਓ। (ਵਿਘਨ) (ਸ਼ੋਰ) ਮਾਨਯੋਗ ਸੀ.ਐਮ. ਸਾਹਿਬ ਨੂੰ ਸਦਨ ਵਿੱਚ ਆਉਣ ਦੇਵੋ, ਉਨ੍ਹਾਂ ਦੀ ਐਨਸ਼ਿਓਰ ਕਰਨ ਦੀ ਜ਼ਿੰਮੇਵਾਰੀ ਬਣਦੀ ਹੈ। (ਵਿਘਨ) (ਸ਼ੋਰ) ਸੀ.ਐਮ. ਸਾਹਿਬ ਦੀ absence ਦੇ ਵਿੱਚ ਮੈਂ ਕਿਵੇਂ ਐਨਸ਼ਿਓਰ ਕਰ ਸਕਦਾ ਹਾਂ? ਤੁਸੀਂ ਬੈਠੋ ਅਤੇ ਆਪਣੀ ਗੱਲ ਕਰੋ। (ਵਿਘਨ) (ਸ਼ੋਰ) ਕੀ ਇਕੱਲੇ ਨਾਅਰੇ ਲਗਾ ਕੇ ਕੁੱਝ ਬਣਨਾ ਹੈ? ਤੁਸੀਂ ਬੈਠੋ। (ਵਿਘਨ) (ਸ਼ੋਰ) ਸਰਦਾਰ ਹਰਪਾਲ ਸਿੰਘ ਚੀਮਾ ਜੀ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ) (ਸ਼ੋਰ) ਸੁਣ ਲਵੋ। ਸਰਦਾਰ ਹਰਪਾਲ ਸਿੰਘ ਚੀਮਾ ਜੀ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ) (ਸ਼ੋਰ) ਉਹ ਇਨਸਾਫ ਦੀ ਗੱਲ ਕਰ ਰਹੇ ਹਨ, ਹੁਣ ਸੁਣ ਤਾਂ ਲਵੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਨਯੋਗ ਸਪੀਕਰ ਸਾਹਿਬ, ਇੱਕ ਦਿਨ ਪਹਿਲਾਂ ਸਾਡੀ ਆਪੋਜ਼ੀਸ਼ਨ ਪਾਰਟੀ ਮੰਗ ਕਰ ਰਹੀ ਸੀ ਕਿ ਜ਼ੀਰੋ ਆਵਰ ਦਿੱਤਾ ਜਾਵੇ। ਜਦੋਂ ਇਨ੍ਹਾਂ ਨੂੰ ਜ਼ੀਰੋ ਆਵਰ ਦੇ ਦਿੱਤਾ ਹੈ ਤਾਂ ਹੁਣ ਇਹ ਸਾਡੇ ਦੂਸਰੇ ਐਮ.ਐਲ.ਏਜ਼. ਸਾਹਿਬਾਨ ਨੂੰ ਜ਼ੀਰੋ ਆਵਰ ਦਾ ਇਸਤੇਮਾਲ ਨਹੀਂ ਕਰਨ ਦੇ

ਰਹੇ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਦਾ ਕੰਮ ਸਿਰਫ ਰੌਲਾ ਪਾਉਣਾ ਹੈ। ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ। ਸਾਰੇ ਮੁੱਦਿਆਂ ਉੱਤੇ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। (ਵਿਘਨ)(ਸ਼ੋਰ) ਇਨ੍ਹਾਂ ਲੋਕਾਂ ਨੇ ਹੀ ਪਿਛਲੇ ਦਿਨੀਂ ਮੰਗ ਕੀਤੀ ਸੀ ਕਿ ਜ਼ੀਰੋ ਆਵਰ ਹੋਵੇ। ਹੁਣ ਜਦੋਂ ਜ਼ੀਰੋ ਆਵਰ ਮਿਲ ਗਿਆ ਤਾਂ ਇਹ ਉਸ ਦਾ ਇਸਤੇਮਾਲ ਨਹੀਂ ਕਰਨ ਦੇ ਰਹੇ। ਸੋ, ਇੱਥੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਨੁਕਸ ਕੱਢਣ ਦਾ ਕੋਈ ਨਾ ਕੋਈ ਬਹਾਨਾ ਲੱਭਣਾ ਹੈ। ਇਨ੍ਹਾਂ ਕੋਲ ਗੱਲ ਕਰਨ ਲਈ ਕੋਈ ਮੁੱਦਾ ਨਹੀਂ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਚੀਮਾ ਸਾਹਿਬ ਬਿਆਨ ਦੇ ਰਹੇ ਹਨ, ਸੁਣ ਤਾਂ ਲਵੋ। (ਵਿਘਨ) (ਸ਼ੋਰ) ਸ਼੍ਰੀ ਅਮਨ ਅਰੋੜਾ ਜੀ।(ਵਿਘਨ)(ਸ਼ੋਰ)

2.20/ਪ.ਸ਼/ਅ.ਗੌ.

**ਸੂਚਨਾ ਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਇਨ੍ਹਾਂ ਨੂੰ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਮੂਹ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਕਹੋ ਕਿ ਦੋ ਮਿੰਟ ਚੁੱਪ ਦਾ ਦਾਨ ਬਖ਼ਸ਼ਣ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ**: ਉਹ ਬੋਲ ਰਹੇ ਹਨ। ਦੇਖੋ ਕੀ ਕਹਿ ਰਹੇ ਹਨ? ਮੰਤਰੀ ਜੀ ਕੁਝ ਬੋਲ ਰਹੇ ਹਨ। (ਵਿਘਨ) (ਸ਼ੋਰ)।

**ਸੂਚਨਾ ਤੇ ਲੋਕ ਸੰਪਰਕ ਮੰਤਰੀ:** ਸਰ, ਇਨ੍ਹਾਂ ਨੂੰ ਕਹੋ ਕਿ ਦੋ ਮਿੰਟ ਚੁੱਪ ਦਾ ਦਾਨ ਬਖਸ਼ਣ। ਮੈਨੂੰ ਬੋਲ ਤਾਂ ਲੈਣ ਦਿਓ। (ਵਿਘਨ)

**ਮਾਨਯੋਗ ਸਪੀਕਰ**: ਤੁਸੀਂ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਸੀਟਾਂ ਤੇ ਜਾ ਕੇ ਬੈਠੋ। ਆਪਾਂ ਇਨਸਾਫ ਦੀ ਗੱਲ ਕਰਦੇ ਹਾਂ। (ਵਿਘਨ) (ਸ਼ੋਰ)।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

---

## SHORT ADJOURNMENT OF THE HOUSE

**ਮਾਨਯੋਗ ਸਪੀਕਰ:** ਸਦਨ ਅੱਧੇ ਘੰਟੇ ਲਈ ਸਥੱਗਿਤ ਕੀਤਾ ਜਾਂਦਾ ਹੈ।

***2.20 ਵਜੇ ਬਾਅਦ ਦੁਪਹਿਰ)** **(*ਇਸ ਸਮੇਂ ਸਦਨ 2.50 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)**

---

**2.50/ਜ.ਸ./ਅ.ਗ./ 29.9.2022**

***2.50 ਵਜੇ ਬਾਅਦ ਦੁਪਹਿਰ)** **(*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)**

## MATTERS RAISED DURING ZERO HOUR *(Resumption)*

**ਮਾਨਯੋਗ ਸਪੀਕਰ :** ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਮੈਂ ਇੱਕ ਗੱਲ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਆਪਣੀਆਂ ਰੋਜ਼ਮਰਾ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਸਾਨੂੰ ਸਭ ਨੂੰ ਵਿਸ਼ਵਾਸ ਕਰਕੇ ਇਸ ਮੁਕੱਦਸ ਸਦਨ ਦੇ ਵਿੱਚ ਭੇਜਿਆ ਹੈ । ਗੁਰੂ ਸਾਹਿਬ ਜੀ ਦਾ ਵੀ ਫੁਰਮਾਨ ਹੈ:-

**ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥**

ਜਿਸ ਤਰ੍ਹਾਂ ਦਾ ਮਾਹੌਲ ਸਾਡੇ ਸਤਿਕਾਰਯੋਗ ਮੈਂਬਰ ਸਾਹਿਬਾਨਾਂ ਨੇ ਇੱਥੇ ਪੈਦਾ ਕੀਤਾ ਹੈ, ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਨੇ ਜਿਹੜਾ ਵਿਸ਼ਵਾਸ ਸਾਡੇ 'ਤੇ ਕਰਕੇ ਸਾਨੂੰ ਇੱਥੇ ਭੇਜਿਆ ਹੈ, ਅਸੀਂ ਉਸ ਦਾ ਵਿਸ਼ਵਾਸਘਾਤ ਕਰ ਰਹੇ ਹਾਂ, ਪੰਜਾਬ ਦਾ ਪੈਸਾ ਬਰਬਾਦ ਕਰ ਰਹੇ ਹਾਂ, ਪੰਜਾਬ ਦੇ ਲੋਕਾਂ ਨਾਲ ਇਹ ਧੋਖਾ ਜਿਹੜਾ ਇੱਥੇ ਆਪਾਂ ਕਰ ਰਹੇ ਹਾਂ, ਇਸ ਨੂੰ ਪੌਣੇ ਤਿੰਨ ਕਰੋੜ ਪੰਜਾਬੀ ਤੇ ਦੁਨੀਆ ਵਿਚ ਬੈਠੇ ਪੰਜਾਬੀ ਦੇਖ ਰਹੇ ਹਨ। ਬੜੀਆਂ ਉਮੀਦਾਂ ਹਨ...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਸਰਕਾਰ ਵਿਰੋਧੀ ਨਾਅਰੇ ਲਗਾਉਣ ਲੱਗ ਪਏ।)

**ਮਾਨਯੋਗ ਸਪੀਕਰ :** ਬਾਜਵਾ ਸਾਹਿਬ, ਤੁਸੀਂ ਸਭ ਤੋਂ ਜ਼ਿਆਦਾ ਤਜਰਬੇਕਾਰ ਹੋ, (ਵਿਘਨ)(ਸ਼ੋਰ) ਤੁਸੀਂ ਸਭ ਤੋਂ ਜ਼ਿਆਦਾ ਤਜਰਬੇਕਾਰ ਹੋ।(ਵਿਘਨ) ਇਹ ਬਿਲਕੁਲ ਗਲਤ ਗੱਲ ਹੈ। ਤੁਸੀਂ ਪੰਜਾਬ ਦੇ ਲੋਕਾਂ ਨਾਲ

ਵਿਸ਼ਵਾਸਘਾਤ ਕਰ ਰਹੇ ਹੋ। (ਵਿਘਨ)(ਸ਼ੋਰ) ਇਹ ਕੋਈ ਤਰੀਕਾ ਹੈ? ਕੋਈ ਪਾਰਟੀ ਨਹੀਂ ਬਣੇ। ਤੁਸੀਂ ਆਪਦੀ ਗੱਲ ਰੱਖੀ ਹੈ, ਬਿਲਕੁਲ ਗਲਤ ਗੱਲ ਹੈ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ਲਗਾ ਰਹੇ ਹਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

(ਇਸ ਸਮੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਵੀ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਇਹ ਬਿਲਕੁਲ ਗਲਤ ਗੱਲ ਹੈ, (ਵਿਘਨ) ਬਿਲਕੁਲ ਗਲਤ ਗੱਲ ਹੈ। ਮੈਂ ਤੁਹਾਨੂੰ ਦੱਸਣਾ ਹੈ ਕਿ ਇਹ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਹੈ। (ਵਿਘਨ)(ਸ਼ੋਰ) ਬਾਜਵਾ ਸਾਹਿਬ, ਆਪਣੇ ਸਾਥੀਆਂ ਨੂੰ ਦੱਸੋ, ਕਾਂਗਰਸ ਦੇ ਮਾਨਯੋਗ ਮੈਂਬਰ ਸਾਹਿਬਾਨਾਂ ਨੂੰ ਦੱਸੋ ਕਿ ਤੁਸੀਂ ਇਥੇ ਆਪਣੀ ਗੱਲ ਕਰਨ ਆਏ ਹੋ ਤਾਂ ਜਿਹੜੇ ਇੱਧਰ ਬੈਠੇ ਹਨ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਇਨ੍ਹਾਂ ਨੇ ਵੀ ਗੱਲ ਕਰਨੀ ਹੈ, ਜਿਹੜੇ ਉਹ ਬੈਠੇ ਹਨ (ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਉਨ੍ਹਾਂ ਨੇ ਵੀ ਗੱਲ ਕਰਨੀ ਹੈ। (ਵਿਘਨ) ਬਾਜਵਾ ਸਾਹਿਬ ਇਕੱਲੇ ਬੋਲ ਲੈਣ, ਇਕੱਲੇ ਆਪਦੀ ਗੱਲ ਕਰ ਲੈਣ। ਇਹ ਕਿੱਥੇ ਲਿਖਿਆ ਹੈ ਕਿ ਦੂਜੇ ਗੱਲ ਨਾ ਕਰ ਸਕਣ? ਅੱਜ ਇੱਥੇ ਪੰਜਾਬ ਦੇ ਬੱਚਿਆਂ ਦੀ ਗੱਲ ਹੋਣੀ ਹੈ ਜਿਨ੍ਹਾਂ ਨੂੰ ਸਰਟੀਫਿਕੇਟ ਨਹੀਂ ਦਿੱਤੇ ਜਾਂਦੇ। ਬਾਜਵਾ ਸਾਹਿਬ, ਤੁਸੀਂ ਆਪਣੇ ਮੈਂਬਰਾਂ ਨੂੰ ਸਮਝਾਉ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ਲਗਾ ਰਹੇ ਹਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ ।)

**ਮਾਨਯੋਗ ਸਪੀਕਰ:** ਤੁਸੀਂ ਇੱਥੇ ਗੱਲ ਸੁਣਨ ਲਈ ਵੀ ਆਏ ਹੋ, ਇਕੱਲੀ ਗੱਲ ਕਹਿਣ ਲਈ ਨਹੀਂ ਆਏ। (ਵਿਘਨ)(ਸ਼ੋਰ) ਇਹ ਕੋਈ ਗੱਲ ਨਹੀਂ ਹੈ, ਬਿਲਕੁਲ ਗਲਤ ਗੱਲ ਹੈ।(ਵਿਘਨ) ਸਾਰੇ ਪੰਜਾਬੀਆਂ ਨਾਲ ਤੁਸੀਂ ਧ੍ਰੋਹ ਕਾਇਮ ਕਰ ਰਹੇ ਹੋ, ਤੁਸੀਂ ਪੰਜਾਬੀਆਂ ਦੇ ਨਾਲ ਧ੍ਰੋਹ ਕਮਾ ਰਹੇ ਹੋ। (ਵਿਘਨ) ਤੁਸੀਂ ਹਾਊਸ ਚੱਲਣ ਦਿਉ, ਹਾਊਸ ਨਾ ਚੱਲਣ ਦੇਣਾ ਕੋਈ ਪ੍ਰਾਪਤੀ ਨਹੀਂ ਹੈ। (ਵਿਘਨ)(ਸ਼ੋਰ) ਹਾਊਸ ਚੱਲਣ ਦਿੱਤਾ ਜਾਵੇ, ਇਹ ਬਿਲਕੁਲ ਗਲਤ ਗੱਲ ਹੈ। ਤੁਸੀਂ ਹਾਊਸ ਚੱਲਣ ਦਿਉ, ਤੁਹਾਡੀ ਗੱਲ ਆ ਗਈ, ਸਰਕਾਰ ਨੂੰ ਬਿਆਨ ਦੇਣ

ਦਿਉ। (ਵਿਘਨ)(ਸ਼ੋਰ) ਸਰਕਾਰ ਨੂੰ ਗੱਲ ਕਰਨ ਦਿਉ, ਸਰਕਾਰ ਵਾਲੇ ਪਾਸੇ ਤੋਂ ਗੱਲ ਆਉਣ ਦਿਉ। (ਵਿਘਨ)(ਸ਼ੋਰ) One sided communication is not a communication. ਤੁਸੀਂ ਇਹ ਚਾਹੁੰਦੇ ਹੋ, ਇਸ ਤੋਂ ਇਹ ਲੱਗਦਾ ਹੈ ਕਿ ਤੁਸੀਂ ਚਾਹੁੰਦੇ ਹੋ ਕਿ ਇੱਥੇ ਗੱਲ ਹੀ ਨਾ ਹੋਵੇ, ਡਿਸਕਸ਼ਨ ਨਾ ਹੋਵੇ। ਇਹ ਮੁਕੱਦਸ ਸਦਨ ਡਿਸਕਸ਼ਨ ਕਰਨ ਵਾਸਤੇ ਬਣਿਆ ਹੈ। (ਵਿਘਨ)(ਸ਼ੋਰ) ਇਹ ਕਿਸੇ ਇੱਕ ਦੇ ਰੌਲਾ ਪਾਉਣ ਵਾਸਤੇ ਨਹੀਂ ਬਣਿਆ। ਮੈਂ ਬੇਨਤੀ ਕਰਦਾ ਹਾਂ ਕਿ ਚੀਮਾ ਸਾਹਿਬ ਆਪਣੀ ਗੱਲ ਰੱਖਣ। ਸਰਦਾਰ ਹਰਪਾਲ ਸਿੰਘ ਚੀਮਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਲਗਾਤਾਰ ਸਰਕਾਰ ਵਿਰੋਧੀ ਨਾਅਰੇ ਲਗਾ ਰਹੇ ਹਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

(ਇਸ ਸਮੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਵੀ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸ ਕਰਨ ਲੱਗ ਪਏ ਅਤੇ ਸਦਨ ਵਿੱਚ ਇਸ ਸਮੇਂ ਬਹੁਤ ਜ਼ਿਆਦਾ ਸ਼ੋਰ ਸੀ ।)

**ਮਾਨਯੋਗ ਸਪੀਕਰ :** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਮਾਨਯੋਗ ਸਪੀਕਰ ਸਾਹਿਬ, ਇਹ ਸਦਨ 13 ਜੁਲਾਈ, 2022 ਨੂੰ ਸਥੱਗਿਤ ਹੋਇਆ ਸੀ। ਉਸ ਤੋਂ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਇਨ੍ਹਾਂ 18 ਵਿਧਾਇਕਾਂ ਨੇ ਇੱਕ ਵੀ ਸਵਾਲ, ਪੰਜਾਬ ਦੇ ਲੋਕਾਂ ਦਾ ਇਸ ਸਦਨ ਦੇ ਅੰਦਰ ਨਹੀਂ ਲਗਾਇਆ। ਸੋ, ਇਨ੍ਹਾਂ ਕੋਲ ਬੋਲਣ ਲਈ ਕੀ ਹੈ? (ਵਿਘਨ)(ਸ਼ੋਰ) 47 ਸਵਾਲ ਜੇਕਰ ਲਗਾਏ ਹਨ ਤਾਂ ਸੱਤਾਧਾਰੀ ਧਿਰ ਦੇ ਲੋਕਾਂ ਨੇ ਲਗਾਏ। (ਥੰਪਿੰਗ) (ਵਿਘਨ)(ਸ਼ੋਰ) ਇੱਕ ਵੀ ਸਵਾਲ ਇਨ੍ਹਾਂ ਨੇ ਨਹੀਂ ਲਾਇਆ। ਸੋ, ਇਸ ਗੱਲ ਕਰਕੇ ਇਹ ਆਪਣਾ ਮੂੰਹ ਲੁਕਾਉਣ ਲਈ, ਆਪਣੀ ਨਾਕਾਮੀ ਛੁਪਾਉਣ ਦੇ ਲਈ ਇਸ ਤਰ੍ਹਾਂ ਦੀ ਡਰਾਮੇਬਾਜ਼ੀ ਕਰ ਰਹੇ ਹਨ। ਢਾਈ ਮਹੀਨਿਆਂ ਦੇ ਸਮੇਂ ਦੌਰਾਨ ਇਨ੍ਹਾਂ ਸਤਿਕਾਰਯੋਗ ਸੱਜਣਾਂ ਨੇ ਇੱਕ ਵੀ ਸਵਾਲ ਨਹੀਂ ਲਗਾਇਆ।

ਬ.ਕ./ਅ.ਗ./29.9.22/2.55

ਬਾਜਵਾ ਸਾਹਿਬ ਖੜ੍ਹੇ ਹਨ। ਜਿਸ ਦਿਨ ਬੀ.ਏ.ਸੀ. ਦੀ ਮੀਟਿੰਗ ਸੀ, ਉਸ ਮੀਟਿੰਗ ਦੌਰਾਨ ਤੁਸੀਂ ਕਿਹਾ ਸੀ ਕਿ ਕੋਈ ਰੈਜ਼ੋਲਿਊਸ਼ਨ ਲੈ ਕੇ ਆਇਓ ਪਰ ਇਹ ਕੋਈ ਰੈਜ਼ੋਲਿਊਸ਼ਨ ਲੈ ਕੇ ਨਹੀਂ ਆਏ।(ਵਿਘਨ, ਸ਼ੋਰ) ਪੰਜਾਬ ਦੇ

ਗਰੀਬ ਲੋਕਾਂ ਦੀ ਗੱਲ, ਪੰਜਾਬ ਦੇ ਦਲਿਤਾਂ ਦੀ ਗੱਲ ਜੇਕਰ ਕਿਸੇ ਨੇ ਉਠਾਈ ਤਾਂ ਉਹ ਸਰਵਜੀਤ ਕੌਰ ਮਾਣੂਕੇ ਨੇ ਉਠਾਈ, ਕੁਲਵੰਤ ਸਿੰਘ ਨੇ ਉਠਾਈ। ਸਾਡੇ ਬੱਚਿਆਂ ਦਾ ਸਕਾਲਰਸ਼ਿਪ ਇਨ੍ਹਾਂ ਦੀ ਸਰਕਾਰ (ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਵੇਲੇ ਖਾਧਾ ਗਿਆ, ਅਕਾਲੀ ਦਲ ਦੀ ਸਰਕਾਰ ਸਮੇਂ ਖਾਧਾ ਗਿਆ।(ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ਲਗਾ ਰਹੇ ਹਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ** : ਮੰਤਰੀ ਜੀ ਨੂੰ ਬੋਲਣ ਦਿਓ।(ਵਿਘਨ, ਸ਼ੋਰ)

**ਵਿੱਤ ਮੰਤਰੀ**: ਸਾਡੇ ਬੱਚਿਆਂ ਦੀਆਂ ਡਿਗਰੀਆਂ ਰੋਕੀਆਂ ਗਈਆਂ। ਦੂਜਾ ਅਤੇ ਤੀਜਾ ਮਤਾ ਸ਼੍ਰੀ ਗੁਰਲਾਲ ਸਿੰਘ ਘਨੌਰ, ਸਰਦਾਰ ਦਵਿੰਦਰਜੀਤ ਸਿੰਘ ਲਾਡੀ ਅਤੇ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਜੀ ਨੇ ਪੰਜਾਬ ਦੀਆਂ ਖੇਡਾਂ ਬਾਰੇ ਚਰਚਾ ਕਰਨ ਲਈ ਅਤੇ ਪੰਜਾਬ ਵਿੱਚ ਪਰਾਲੀ ਨੂੰ ਸਾੜਨ ਤੋਂ ਕਿਵੇਂ ਰੋਕਣਾ ਹੈ, ਇਹ ਰੱਖਣੇ ਸਨ ਪਰ ਇਨ੍ਹਾਂ ਵੱਡੇ ਵਿਸ਼ਿਆਂ ਤੇ ਚਰਚਾ ਕਰਨ ਦੀ ਬਜਾਏ ਸਾਡੇ ਇਹ ਸੱਜਣ ਇਸ ਕਰਕੇ ਭੱਜ ਰਹੇ ਹਨ ਕਿਉਂਕਿ ਢਾਈ ਮਹੀਨਿਆਂ ਦੇ ਦੌਰਾਨ ਇਸ ਸਦਨ ਵਿੱਚ ਇਨ੍ਹਾਂ 18 ਸਤਿਕਾਰਯੋਗ ਸੱਜਣਾਂ ਨੇ ਇਕ ਵੀ ਸਵਾਲ, ਇਕ ਵੀ single ਸਵਾਲ ਪੰਜਾਬ ਦੀ ਵਿਧਾਨ ਸਭਾ ਅੰਦਰ ਪੇਸ਼ ਨਹੀਂ ਕੀਤਾ। ਪੰਜਾਬ ਦਾ ਇਕ ਵੀ ਮੁੱਦਾ ਇਨ੍ਹਾਂ ਲੋਕਾਂ ਨੇ ਨਹੀਂ ਉਠਾਇਆ।(ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਹ ਅੱਜ ਡਰਾਮੇਬਾਜ਼ੀ ਕਰ ਰਹੇ ਹਨ। ਸਪੀਕਰ ਸਾਹਿਬ, ਪੰਜਾਬ ਦੀ 34% ਪਾਪੂਲੇਸ਼ਨ ਦਲਿਤਾਂ ਦੀ ਹੈ। ਪੰਜਾਬ ਦੇ ਗਰੀਬ ਬੱਚਿਆਂ ਦੀ ਪੜ੍ਹਾਈ ਦੇ ਮੁੱਦੇ ਤੇ ਚਰਚਾ ਕਰਨੀ ਹੈ, ਉਨ੍ਹਾਂ ਦੇ ਸਕਾਲਰਸ਼ਿਪ ਵਾਸਤੇ ਚਰਚਾ ਕਰਨੀ ਹੈ, ਇਨ੍ਹਾਂ ਦੇ ਇਕ ਸਾਬਕਾ ਮੰਤਰੀ, ਜਿਹੜੇ ਹੁਣੇ ਜੇਲ੍ਹ ਵਿਚੋਂ ਬਾਹਰ ਆਏ ਹਨ, ਜਿਨ੍ਹਾਂ ਨੇ ਪੰਜਾਬ ਦੇ ਬੱਚਿਆਂ ਦਾ ਵਜ਼ੀਫਾ ਖਾਧਾ, ਜਿਨ੍ਹਾਂ ਨੇ ਪੰਜਾਬ ਦੇ ਗਰੀਬ ਤਬਕਿਆਂ ਦਾ ਸਕਾਲਰਸ਼ਿਪ ਖਾਧਾ, ਉਸ ਤੇ ਚਰਚਾ ਕਰਨੀ ਹੈ, ਡਿਗਰੀਆਂ ਤੇ ਚਰਚਾ ਕਰਨੀ ਹੈ, ਪੰਜਾਬ ਦੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਕਿਵੇਂ ਰੋਕਣਾ ਹੈ, ਕਿਵੇਂ ਉਨ੍ਹਾਂ ਨੂੰ ਇਸ ਸਿਸਟਮ ਵਿਚੋਂ ਬਾਹਰ ਕੱਢੀਏ, ਇਸ ਵਿਸ਼ੇ ਤੇ ਚਰਚਾ ਕਰਨੀ ਹੈ। ਪੰਜਾਬ ਦੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਵਤਨ ਪੰਜਾਬ ਦੀਆਂ ਮਾਨਯੋਗ ਸੀ.ਐਮ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਨੇ ਸ਼ੁਰੂ ਕੀਤੀਆਂ ਹਨ, ਉਨ੍ਹਾਂ ਤੇ ਚਰਚਾ ਕਰਨੀ ਹੈ। ਪੰਜਾਬ ਦੇ ਬੱਚਿਆਂ ਨੂੰ ਉਲੰਪਿਕ ਤੱਕ ਲੈ ਕੇ ਜਾਣਾ ਹੈ। ਪੰਜਾਬ ਦੇ ਬੱਚਿਆਂ ਦਾ

ਨਾਮ ਇੰਟਰਨੈਸ਼ਨਲ ਲੈਵਲ ਤੱਕ ਲੈ ਕੇ ਜਾਣਾ ਹੈ ਪਰ ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ ਅਤੇ ਇਹ ਇਸ ਚਰਚਾ ਤੋਂ ਭੱਜ ਰਹੇ ਹਨ।(ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ਲਗਾ ਰਹੇ ਹਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਫੇਰ ਇਸ ਸਦਨ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ 47 ਸਵਾਲ ਜੇਕਰ ਲਾਏ ਤਾਂ ਸਾਡੇ ਸਤਿਕਾਰਯੋਗ ਐਮ.ਐਲ.ਏ ਸਾਹਿਬਾਨ ਨੇ ਲਗਾਏ। ਮੈਂ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੀ ਲਾਇਆ? ਕੀ ਇਨ੍ਹਾਂ ਨੇ ਕੋਈ ਸਵਾਲ ਲਾਇਆ? ਕੀ ਇਹ ਕੋਈ ਰੈਜ਼ੋਲਿਊਸ਼ਨ ਲੈ ਕੇ ਆਏ? ਇੱਧਰ ਅੱਖ ਵਿੱਚ ਅੱਖ ਪਾ ਕੇ ਗੱਲ ਕਰੋ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕਰੋ। (ਵਿਘਨ, ਸ਼ੋਰ)

**ਵਿੱਤ ਮੰਤਰੀ** : ਕੀ ਕੋਈ ਸਵਾਲ ਲਾਇਆ? ਕੀ ਕੋਈ ਰੈਜੋਲਿਊਸ਼ਨ ਲਾਇਆ? ਨਾ ਕੋਈ ਰੈਜ਼ੋਲਿਊਸ਼ਨ ਲਾਇਆ ਅਤੇ ਨਾ ਹੀ ਕੋਈ ਸਵਾਲ ਲਾਇਆ। ਇਹ ** ਮਚਾਏ ਸ਼ੋਰ ਵਾਲੀ ਗੱਲ ਕਰ ਰਹੇ ਹਨ। ਇਹ ** ਦੇ ਰਾਖੇ ਸੀ ਅਤੇ ਇਨ੍ਹਾਂ ਦੇ 90% ਬੰਦੇ ਜੇਲ੍ਹਾਂ ਵਿੱਚ ਬੰਦ ਹਨ। ਇਨ੍ਹਾਂ ਦੇ ਸਾਬਕਾ ਮੰਤਰੀ ਅਤੇ ਸਾਬਕਾ ਐਮ.ਐਲ.ਏ ਜੇਲ੍ਹਾਂ ਵਿੱਚ ਬੰਦ ਹਨ। ਸੋ, ਇਹ ਸ਼ੋਸ਼ੇਬਾਜ਼ੀ ਇਸ ਪਵਿੱਤਰ ਵਿਧਾਨ ਸਭਾ ਵਿੱਚ ਹੋ ਰਹੀ ਹੈ। ਸਪੀਕਰ ਸਾਹਿਬ, ਤੁਸੀਂ ਦਰੁਸਤ ਫੁਰਮਾਇਆ ਹੈ। ਇਸ ਵਿਧਾਨ ਸਭਾ ਵਿੱਚ ਲੋਕਾਂ ਨੇ 117 ਐਮ.ਐਲ.ਏ ਇਸ ਲਈ ਭੇਜੇ ਸੀ ਕਿ ਆਪਣੇ ਹਲਕੇ ਦੀ ਗੱਲ ਕਰੋ, ਪੰਜਾਬ ਦੀ ਗੱਲ ਕਰੋ, ਉਨ੍ਹਾਂ ਮੁੱਦਿਆਂ ਦਾ ਹੱਲ ਕਰੋ ਪਰ ਇਨ੍ਹਾਂ ਸਤਿਕਾਰਯੋਗ ਸੱਜਣਾਂ ਨੇ ਨਾ ਤਾਂ ਆਪਣੇ 18 ਹਲਕਿਆਂ ਦਾ ਕੋਈ ਸਵਾਲ ਲਾਇਆ ਜਦਕਿ ਇਹ ਜਿਹੜੇ 18 ਹਲਕਿਆਂ ਤੋਂ ਜਿੱਤ ਕੇ ਆਏ ਹਨ, ਇਹ ਸਾਡੀ ਸਤਿਕਾਰਯੋਗ ਆਪੋਜ਼ੀਸ਼ਨ ਹਨ। ਇਹ ਵੱਡੇ ਤਜ਼ਰਬੇਕਾਰ ਹਨ, ਕਈ ਪਾਰਲੀਮੈਂਟ ਵਿੱਚ ਰਹਿ ਕੇ ਆਏ ਹਨ। ਇਨ੍ਹਾਂ ਨੂੰ ਖਾਸੇ ਰੂਲ ਵੀ ਆਉਂਦੇ ਹਨ ਅਤੇ ਬਹੁਤ ਨਾਲਿਜ ਵੀ ਹੈ ਲੇਕਿਨ ਇਹ ਬੁਰੀ ਤਰ੍ਹਾਂ ਫੇਲ੍ਹ ਹੋ ਗਏ। ਇਨ੍ਹਾਂ 18 ਐਮ.ਐਲ.ਏਜ਼ ਨੇ ਆਪਣੇ ਵਿਧਾਨ ਸਭਾ ਹਲਕਿਆਂ ਦਾ ਇਕ ਵੀ ਮੁੱਦਾ ਇਸ ਪਵਿੱਤਰ ਵਿਧਾਨ ਸਭਾ ਦੇ ਸਦਨ ਵਿੱਚ ਪੇਸ਼ ਨਹੀਂ ਕੀਤਾ। ਸੋ, ਇਸ ਤੋਂ ਪਤਾ ਲਗਦਾ ਹੈ ਕਿ ਇਹ ਕਿੰਨੀ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ। ਇਨ੍ਹਾਂ ਵਿੱਚ ਦਮ ਨਹੀਂ ਹੈ। (ਵਿਘਨ, ਸ਼ੋਰ)

ਕਕ / ਬਸ    29.9.2022    3.00

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਵਿੱਤ ਮੰਤਰੀ:** ਆਓ, ਲੀਡਰ ਆਫ ਦਿ ਆਪੋਜ਼ੀਸ਼ਨ। ਆਓ, ਇੱਧਰ ਸਾਹਮਣੇ ਬੈਠ ਕੇ ਅੱਖ ਵਿੱਚ ਅੱਖ ਪਾ ਕੇ ਗੱਲ ਕਰੋ। ਆਓ, ਪਰਾਲੀ ਦੇ ਮੁੱਦੇ ਤੇ ਗੱਲ ਕਰੋ। ਆਓ, ਪੰਜਾਬ ਦੀਆਂ ਖੇਡਾਂ ਬਾਰੇ ਗੱਲ ਕਰੋ। ਆਓ, ਭ੍ਰਿਸ਼ਟਾਚਾਰ ਦੇ ਮੁੱਦੇ ਤੇ ਗੱਲ ਕਰੋ। ਤੁਸੀਂ ਗੱਲ ਕਰਨ ਤੋਂ ਭੱਜਦੇ ਹੋ। ਇਹ ਸਬੂਤ ਹੈ ਕਿ ਤੁਸੀਂ ਖੁਦ ਭ੍ਰਿਸ਼ਟਾਚਾਰੀ ਹੋ। ਤੁਸੀਂ ਖੁਦ ਫੇਲ੍ਹ ਹੋਏ ਹੋ। ਤੁਹਾਡੇ ਰਾਜ ਵਿੱਚ ਖੁਲ੍ਹ ਕੇ ਭ੍ਰਿਸ਼ਟਾਚਾਰ ਹੋਇਆ ਹੈ। ਤੁਹਾਡੇ ਰਾਜ ਵਿੱਚ ਖੁਲ੍ਹ ਕੇ ਪੰਜਾਬ ਦੇ ਸਿਰ ਕਰਜ਼ਾ ਚੜ੍ਹਿਆ। ਸੋ, ਆਪਣੀਆਂ ਨਾਕਾਮੀਆਂ ਛਿਪਾਉਣ ਲਈ ਅੱਜ ਤੁਸੀਂ ਸਾਰੇ ਓਪਰੇਸ਼ਨ ਲੋਟਸ ਦਾ ਸਮਰਥਨ ਕਰਦੇ ਹੋ। ਤੁਹਾਡੀ ਤਾਂ ਓਪਰੇਸ਼ਨ ਲੋਟਸ ਨੇ ਸਰਕਾਰ ਤੋੜੀ ਹੈ । (ਵਿਘਨ)(ਸ਼ੋਰ) ਤੁਹਾਡੀ ਸਰਕਾਰ ਨੂੰ ਓਪਰੇਸ਼ਨ ਲੋਟਸ ਨੇ ਮੱਧ ਪ੍ਰਦੇਸ਼ ਦੇ ਵਿੱਚ, ਮਹਾਰਾਸ਼ਟਰ ਦੇ ਅੰਦਰ ਅਤੇ ਗੋਆ ਦੇ ਅੰਦਰ ਸ਼ਿਕਾਰ ਬਣਾਇਆ। ਓਪਰੇਸ਼ਨ ਲੋਟਸ ਦੇ ਖਿਲਾਫ ਬੋਲਣ ਦੀ ਬਜਾਏ ਤੁਸੀਂ ਇੱਥੇ ਇੱਕ ਇਮਾਨਦਾਰ ਸਰਕਾਰ ਦੇ ਖਿਲਾਫ ਅਵਾਜ਼ ਉਠਾ ਰਹੇ ਹੋ? ਤੁਸੀਂ ਉਹ ਲੋਕ ਹੋ ਜਿਨ੍ਹਾਂ ਨੇ ਹਮੇਸ਼ਾ ਭ੍ਰਿਸ਼ਟਾਚਾਰ ਦਾ ਸਾਥ ਦਿੱਤਾ ਹੈ। ਤੁਸੀਂ ਭ੍ਰਿਸ਼ਟਾਚਾਰੀ ਦਾ ਸਾਥ ਦੇਣ ਵਾਲੇ ਲੋਕ ਹੋ। ਮੈਂ ਸਮਝਦਾ ਹਾਂ ਕਿ ਅੱਜ ਤੁਸੀਂ ਬੀ.ਜੇ.ਪੀ. ਦੇ ** ** ਬਣੇ ਹੋਏ ਹੋ। ਜਿਹੜੀ ਬੀ.ਜੇ.ਪੀ. ਅੱਜ ਦੇਸ਼ ਦੇ ਲੋਕਤੰਤਰ ਦੇ ਲਈ ** **, ਜਿਹੜੀ ਦੇਸ਼ ਦੇ ਲੋਕਤੰਤਰ ਲਈ ਖਤਰਾ ਬਣੀ ਹੋਈ ਜਮਾਤ ਹੈ, ਅੱਜ ਕਾਂਗਰਸ ਪਾਰਟੀ ਦੇ ਲੋਕ ਉਸ ਬੀ.ਜੇ.ਪੀ. ਦਾ ਸਮਰਥਨ ਕਰ ਰਹੇ ਹਨ। ਜਿਹੜੀ ਬੀ.ਜੇ.ਪੀ. ਖਰੀਦੋ-ਫਰੋਕਤ ਕਰਦੀ ਹੈ, ਜਿਹੜੀ ਬੀ.ਜੇ.ਪੀ. ਸੇਲ ਪਰਚੇਜ਼ ਵਿੱਚ ਤੁਹਾਨੂੰ ਨਾਲ ਰੱਖਦੀ ਹੈ, ਉਸ ਬੀ.ਜੇ.ਪੀ. ਦਾ ਅੱਜ ਕਾਂਗਰਸ ਵਾਲੇ ਸਾਥ ਦੇ ਰਹੇ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) (ਵਿਘਨ)(ਸ਼ੋਰ) ਮੈਂ ਤਾਂ ਇਨ੍ਹਾਂ ਸਤਿਕਾਰਯੋਗ ਸੱਜਣਾਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬੀ.ਜੇ.ਪੀ. ਤੋਂ ਨਾਤਾ ਤੋੜ ਲਿਆ। ਇਨ੍ਹਾਂ ਨੂੰ ਸਮਝ ਆ ਗਈ ਕਿ ਬੀ.ਜੇ.ਪੀ ਦੇਸ਼ ਦੇ ਲੋਕਤੰਤਰ ਲਈ ਖਤਰਨਾਕ ਜਮਾਤ ਹੈ। ਸਪੀਕਰ ਸਾਹਿਬ, ਬੇਨਤੀ ਹੈ ਕਿ ਧਿਆਨ ਦਿਉ ਕਿ ਇਹ ਉਹ ਲੋਕ ਹਨ ਜਿਹੜੇ ਮੈਂ ਸਮਝਦਾ ਹਾਂ ਕਿ ਅੱਜ ਕੱਲ੍ਹ ਬੀ.ਜੇ.ਪੀ. ਦੇ ਓਪਰੇਸ਼ਨ ਰਾਹੀਂ ਮਿਲਦੇ ਪੈਸਿਆਂ ਤੋਂ ਆਪਣੀ ਪਾਰਟੀ ਚਲਾ ਰਹੇ ਹਨ। (ਵਿਘਨ, ਸ਼ੋਰ) ਜਿਹੜੇ 25-25 ਕਰੋੜ ਰੁਪਿਆ ਇਨ੍ਹਾਂ ਦੇ ਐਮ.ਐਲ.ਏਜ਼ ਨੂੰ ਮਿਲਦਾ ਹੈ, ਅੱਜ ਕਾਂਗਰਸ ਪਾਰਟੀ ਉਨ੍ਹਾਂ ਪੈਸਿਆਂ ਦੇ ਨਾਲ ਆਪਣੀ ਪਾਰਟੀ ਚਲਾ ਰਹੀ ਹੈ। ਮੈਂ ਸਦਨ ਦੇ ਅੰਦਰ ਇਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਓਪਰੇਸ਼ਨ ਲੋਟਸ ਦੇਸ਼ ਦੇ ਵੱਖ-ਵੱਖ ਸੂਬਿਆਂ ਜਿੱਥੇ ਕਾਂਗਰਸ ਪਾਰਟੀ ਦਾ ਰਾਜ ਹੈ, ਉੱਥੇ ਕਾਮਯਾਬ ਹੋਇਆ ਹੈ। ਜੇਕਰ ਓਪਰੇਸ਼ਨ ਲੋਟਸ ਨੂੰ ਫੇਲ੍ਹ ਕੀਤਾ

ਗਿਆ ਹੈ ਤਾਂ ਪਹਿਲਾਂ ਦਿੱਲੀ ਦੇ ਵਿੱਚ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੇ ਫੇਲ੍ਹ ਕੀਤਾ ਹੈ। (ਥੰਪਿੰਗ) ਔਰ ਇਨ੍ਹਾਂ ਨੇ ਉਹੀ ਜ਼ੋਰ-ਅਜ਼ਮਾਈ ਪੰਜਾਬ ਵਿੱਚ ਕਰਨੀ ਚਾਹੀ ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਵਿੱਤ ਮੰਤਰੀ:** ਜਦੋਂ ਇਹ ਪੰਜਾਬ ਵਿੱਚ ਆਏ, ਇੱਥੇ ਪੰਜਾਬ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਇਹ ਓਪਰੇਸ਼ਨ ਲੋਟਸ ਫੇਲ੍ਹ ਹੋਇਆ ਹੈ। ਮੈਨੂੰ ਇਨ੍ਹਾਂ ਦੀ ਇੱਕ ਗੱਲ ਸਮਝ ਨਹੀਂ ਆਉਂਦੀ। ਬਾਜਵਾ ਸਾਹਿਬ, ਤੁਹਾਡੀ ਸਿਕਿਉਰਿਟੀ ਉਹ (ਕੇਂਦਰੀ ਸਰਕਾਰ) ਵਾਪਸ ਨਹੀਂ ਲੈਂਦੇ । ਬਾਜਵਾ ਸਾਹਿਬ, ਤੁਸੀਂ ਜਿਸ ਹਿਸਾਬ ਨਾਲ ਬੀ.ਜੇ.ਪੀ. ਲਈ ਕੰਮ ਕਰ ਰਹੇ ਹੋ, ਤੁਸੀਂ ਬੀ.ਜੇ.ਪੀ. ਦੇ ** ** ਬਣੇ ਹੋਏ ਹੋ, ਬੀ.ਜੀ.ਪੀ. ਦੇ ** ** ਬਣੇ ਹੋਏ ਹੋ, ਉਥੋਂ ਸਮਝ ਆਉਂਦੀ ਹੈ ਕਿ ਤੁਹਾਡੀ ਸਿਕਿਉਰਿਟੀ ਵਾਪਸ ਨਹੀਂ ਹੁੰਦੀ। ਜਿਹੜੀ ਤੁਹਾਨੂੰ ਸਕਿਉਰਿਟੀ ਮਿਲੀ ਹੈ, ਇਹ ਇਸੇ ਲਈ ਮਿਲੀ ਹੈ ਕਿ ਤੁਸੀਂ ਬੀ.ਜੇ.ਪੀ. ਲਈ ਕੰਮ ਕਰੋ। ਇਸੇ ਕਰਕੇ ਤੁਸੀਂ ਆਪਣੇ ਸਾਥੀ ਇੱਕ ਇੱਕ ਕਰਕੇ ਬੀ.ਜੇ.ਪੀ. ਵਿੱਚ ਭੇਜ ਰਹੇ ਹੋ।

ਸਪੀਕਰ ਸਾਹਿਬ, ਅੱਜ ਹਾਊਸ ਵਿੱਚ ਦਲਿਤਾਂ ਦੇ ਮੁੱਦਿਆਂ ਤੇ ਗੱਲ ਹੋਣੀ ਸੀ। ਕਾਂਗਰਸ ਪਾਰਟੀ ਪੰਜਾਬ ਦੇ ਵਿੱਚ ਅਤੇ ਦੇਸ਼ ਦੇ ਵਿੱਚ ਦਲਿਤ ਵਿਰੋਧੀ ਪਾਰਟੀ ਹੈ, ਅੱਜ ਅਸੀਂ ਇੱਥੇ ਦਲਿਤਾਂ ਦੇ ਬੱਚਿਆਂ ਦੀ ਪੜ੍ਹਾਈ ਦੀ ਗੱਲ ਕਰਨੀ ਸੀ। ਉਹ ਗੱਲ ਕਰਨ ਤੋਂ ਰੋਕਣ ਦੇ ਲਈ ਅੱਜ ਇਹ ਹਾਊਸ ਨੂੰ ਚੱਲਣ ਨਹੀਂ ਦੇ ਰਹੇ।

'ਖੇਡਾਂ ਵਤਨ ਪੰਜਾਬ ਦੀਆਂ' ਪ੍ਰੋਗਰਾਮ ਰਾਹੀਂ ਪੰਜਾਬ ਦੇ ਬੱਚਿਆਂ ਨੂੰ ਉਲੰਪਿਕ ਵਿੱਚ ਅਤੇ ਨੈਸ਼ਨਲ ਲੈਵਲ ਤੇ ਕਿਵੇਂ ਲੈ ਕੇ ਜਾਣਾ ਹੈ, ਅੱਜ ਅਸੀਂ ਉਸ ਬਾਰੇ ਗੱਲ ਕਰਨੀ ਸੀ। ਉਸ ਗੱਲ ਨੂੰ ਰੋਕਣ ਲਈ ਅੱਜ ਇਹ ਇੱਥੇ ਡਰਾਮੇ ਕਰ ਰਹੇ ਹਨ।

ਤੀਜਾ ਵੱਡਾ ਮਸਲਾ ਪੰਜਾਬ ਦੇ ਕਿਸਾਨਾਂ ਲਈ ਪਰਾਲੀ ਸਾੜਨ ਦੀ ਸਮੱਸਿਆ ਸੀ, ਅੱਜ ਅਸੀਂ ਉਸ ਉਤੇ ਚਰਚਾ ਕਰਨੀ ਹੈ ਅਤੇ ਇਹ ਉਸ ਮਸਲੇ ਤੇ ਗੱਲ ਕਰਨ ਤੋਂ ਭੱਜ ਰਹੇ ਹਨ। ਸੋ, ਸਪੀਕਰ ਸਾਹਿਬ, ਇਹ ਉਹ ਲੋਕ ਹਨ ਜਿਹੜੇ ਪਹਿਲੇ ਦਿਨ ਮੰਗ ਕਰਦੇ ਸੀ ਕਿ ਜ਼ੀਰੋ ਆਵਰ ਹੋਵੇ। ਜਦੋਂ ਤੁਸੀਂ ਜ਼ੀਰੋ ਆਵਰ ਵੀ ਦੇ ਦਿੱਤਾ ਅਤੇ ਹਾਊਸ ਦੀਆਂ ਬੈਠਕਾਂ ਵੀ ਚਾਰ ਦਿਨ ਲਈ ਕਰ ਦਿੱਤੀਆਂ ਤਾਂ ਉਸ ਤੋਂ ਬਾਅਦ ਹੁਣ ਇਹ ਨਾ ਜ਼ੀਰੋ

ਆਵਰ ਤੇ ਬੋਲਦੇ ਹਨ ਅਤੇ ਨਾ ਹੀ ਹਾਊਸ ਵਿੱਚ ਲਿਆਂਦੇ ਮੁੱਦਿਆਂ ਤੇ ਗੱਲ ਕਰਦੇ ਹਨ। ਸੋ, ਸਪੀਕਰ ਸਾਹਿਬ, ਇਨ੍ਹਾਂ ਕੋਲ ਕਹਿਣ ਨੂੰ ਕੁਝ ਨਹੀਂ ਹੈ। ਮੈਂ ਤੁਹਾਡੇ ਜ਼ਰੀਏ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਆਓ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰੋ। (ਥੰਪਿੰਗ) ਆਓ, ਸਾਡੇ ਸਾਹਮਣੇ ਬੈਠੋ, ਅਸੀਂ ਤੁਹਾਡੀ ਹਰ ਗੱਲ ਦਾ ਜਵਾਬ ਦੇ ਰਹੇ ਹਾਂ। ਆਓ, ਪੰਜਾਬ ਦੇ ਦਲਿਤਾਂ ਦੀ ਗੱਲ ਕਰੀਏ। ਆਓ, ਪੰਜਾਬ ਦੇ ਲੱਖਾਂ ਹੀ ਕਿਸਾਨਾਂ ਦੀ ਗੱਲ ਕਰੀਏ। ਆਓ, ਸਾਹਮਣੇ ਆ ਕੇ ਗੱਲ ਕਰੋ। ਤੁਹਾਡੇ ਕਈ ਸਾਥੀ ਜ਼ੇਲ੍ਹ ਦੀ ਹਵਾ ਖਾ ਰਹੇ ਹਨ। ਆਓ, ਦਲਿਤਾਂ ਦੀ ਗੱਲ ਕਰੀਏ ਪਰ ਕਿਉਂਕਿ ਤੁਸੀਂ ਦਲਿਤ ਵਿਰੋਧੀ ਹੋ, you are dalit virodhi, you are anti dalits. ਕਾਂਗਰਸ ਪਾਰਟੀ ਐਂਟੀ ਦਲਿਤ ਹੈ।

29.09.2022/03.05/ਹਰਪ੍ਰੀਤ ਸਿੰਘ/ਬਰਿੰਦਰਾ ਸਿੰਘ

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। )

**ਵਿੱਤ ਮੰਤਰੀ:** ਸੋ, ਮੈਂ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਪਰ ਜਿਹੜੀ ਇਹ ਡਰਾਮੇਬਾਜ਼ੀ ਹੋ ਰਹੀ ਹੈ, ਇਹ ਠੀਕ ਨਹੀਂ ਹੈ। ਸਪੀਕਰ ਸਾਹਿਬ, ਪੰਜਾਬ ਦੀ ਵਿਧਾਨ ਸਭਾ ਦੀ ਰੂਲ ਬੁੱਕ ਇਨ੍ਹਾਂ ਨੂੰ ਪੜ੍ਹਾ ਦਿਓ ਕਿ ਅੱਜ ਵੀਰਵਾਰ ਦਾ ਦਿਨ ਹੈ ਅਤੇ ਵੀਰਵਾਰ ਦਾ ਦਿਨ ਪ੍ਰਾਈਵੇਟ ਮੈਂਬਰਜ਼ ਦਾ ਦਿਨ ਹੁੰਦਾ ਹੈ ਪਰ ਇਨ੍ਹਾਂ ਨੇ ਕੋਈ ਮਤਾ ਨਹੀਂ ਲਗਾਇਆ, ਕੋਈ ਰੈਜ਼ੋਲਿਊਸ਼ਨ ਨਹੀਂ ਲਗਾਇਆ ਪਰ ਸਾਡੇ ਪੰਜ ਮੈਂਬਰ ਸਾਹਿਬਾਨ ਨੇ ਮਤੇ ਲਗਾਏ ਹਨ। ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਜੀ, ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ, ਸਰਦਾਰ ਗੁਰਲਾਲ ਸਿੰਘ ਘਨੌਰ ਜੀ, ਸਰਦਾਰ ਦਵਿੰਦਰਜੀਤ ਸਿੰਘ ਲਾਡੀ ਜੀ ਅਤੇ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਜੀ ਨੇ ਪੰਜਾਬ ਦੇ ਅਹਿਮ ਮੁੱਦਿਆਂ ਤੇ ਚਰਚਾ ਕਰਨ ਲਈ ਤਿੰਨ ਅਹਿਮ ਮਤੇ ਲਿਆਂਦੇ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਮਤਿਆਂ ਤੇ ਤੁਰੰਤ ਚਰਚਾ ਸ਼ੁਰੂ ਕਰਵਾਉਣੀ ਚਾਹੀਦੀ ਹੈ। ਇਨ੍ਹਾਂ ਨੂੰ ਬੋਲਣ ਦਿਓ, ਧੰਨਵਾਦ ਜੀ।

**ਮਾਨਯੋਗ ਸਪੀਕਰ:** (ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਮਾਨਯੋਗ ਬਾਜਵਾ ਜੀ, ਜਿਹੜੇ ਇੱਧਰਲੇ ਪਾਸੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਸਾਡੇ ਸਾਥੀ ਬੈਠੇ ਹਨ, ਇਹ ਲਗਭਗ ਸਾਰੇ ਹੀ ਨਵੇਂ ਹਨ। ਤੁਸੀਂ ਤਾਂ ਦੂਜੀ-ਦੂਜੀ, ਤੀਜੀ-ਤੀਜੀ ਅਤੇ ਕਈ ਚਾਰ-ਚਾਰ ਵਾਰ ਜਿੱਤੇ ਹੋਏ ਹੋ। ਜਦੋਂ ਤੁਸੀਂ ਜ਼ੀਰੋ ਆਵਰ ਮੰਗਿਆ ਸੀ ਤਾਂ ਮੇਰੇ ਮਨ ਨੂੰ ਬੜੀ ਤਸੱਲੀ ਹੋਈ ਸੀ ਕਿ ਤੁਸੀਂ ਲੋਕਾਂ ਦੇ ਦਿੱਤੇ ਹੋਏ ਫਤਵੇ ਦੀ ਕਦਰ ਕਰ ਰਹੇ ਹੋ, ਜ਼ੀਰੋ ਆਵਰ ਮੰਗ ਰਹੇ ਹੋ। ਮੈਂ ਉਮੀਦ ਕੀਤੀ ਸੀ ਕਿ ਤੁਸੀਂ ਬਰਗਾੜੀ ਦੇ ਮੁੱਦੇ ਤੇ ਗੱਲ ਕਰੋਗੇ,

ਬੇਅਦਬੀ ਦੇ ਮੁੱਦੇ ਤੇ ਗੱਲ ਕਰੋਗੇ, ਤੁਸੀਂ ਪੰਜਾਬ ਦੇ ਲੋਕਾਂ ਦੇ ਮੁੱਦਿਆਂ ਤੇ ਗੱਲ ਕਰੋਗੇ ਪਰ ਤੁਸੀਂ ਤਾਂ ਸਮਾਂ ਹੀ ਖਰਾਬ ਕਰ ਰਹੇ ਹੋ। ਤੁਸੀਂ ਲੋਕਾਂ ਨਾਲ ਵਿਸ਼ਵਾਸਘਾਤ ਕਰ ਰਹੇ ਹੋ।ਤੁਸੀਂ ਤਾਂ ਜ਼ੀਰੋ ਆਵਰ ਦਾ ਹੀ ਕਤਲ ਕਰ ਦਿੱਤਾ ਹੈ।ਅਮਨ ਜੀ, ਤੁਸੀਂ ਜ਼ੀਰੋ ਆਵਰ ਤੇ ਕੁੱਝ ਕਹਿਣਾ ਹੈ। ਹਾਂ ਜੀ, ਅਮਨ ਅਰੋੜਾ ਜੀ।

**ਸੂਚਨਾ ਅਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਸ ਤਰ੍ਹਾਂ ਦਾ ਇਨ੍ਹਾਂ ਦਾ ਪਰਸੋਂ ਕੰਡਕਟ ਰਿਹਾ ਹੈ ਅਤੇ ਜਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੇ ਮੂੰਹ ਤੇ ** ** ਕੀਤੀ ਹੈ। ਮੈਨੂੰ ਲੱਗਿਆ ਕਿ ਸ਼ਾਇਦ ਇਨ੍ਹਾਂ ਨੂੰ ਕੁੱਝ ਸਮਝ ਆ ਜਾਵੇਗਾ ਕਿ ਇਹ ਪਵਿੱਤਰ ਸਦਨ ਲੋਕਾਂ ਦੇ ਮੁੱਦੇ ਡਿਸਕਸ ਕਰਨ ਲਈ ਹੁੰਦਾ ਹੈ ਨਾ ਕਿ ਅੱਖਾਂ ਚੁਰਾ ਕੇ, ਨਾ ਕਿ ਪਿੱਠ ਦਿਖਾ ਕੇ ਇੱਥੋਂ ਭੱਜਣ ਲਈ ਹੁੰਦਾ ਹੈ। ਸਪੀਕਰ ਸਾਹਿਬ, ਆਪਾਂ ਵੀ ਆਪੋਜੀਸ਼ਨ ਦੇ ਵਿਚ ਪੰਜ ਸਾਲ ਲਗਾਏ ਹਨ, ਆਪਾਂ ਉਦੋਂ ਕਹਿੰਦੇ ਹੁੰਦੇ ਸੀ ਕਿ ਸੈਸ਼ਨ ਵਧਾਓ ਪਰ ਇਹ ਕਹਿੰਦੇ ਸੀ ਕਿ ਸੈਸ਼ਨ ਨਹੀਂ ਵੱਧਣ ਦੇਣਾ। ਬੀ.ਏ.ਸੀ. ਵਿਚ ਇਨ੍ਹਾਂ ਨੇ ਮੰਗ ਰੱਖੀ ਕਿ ਤਿੰਨ ਦਿਨ ਸੈਸ਼ਨ ਵਧਾਓ ਪਰ ਤੁਸੀਂ ਚਾਰ ਦਿਨ ਵਧਾ ਦਿੱਤਾ ਪਰ ਇਨ੍ਹਾਂ ਦਾ ਪਰਸੋਂ ਦਾ ਅਤੇ ਅੱਜ ਦਾ ਕੰਡਕਟ ਬਹੁਤ ਖਰਾਬ ਹੈ। ਇਨ੍ਹਾਂ ਨੇ ਜੋ ** ** ਦਿਖਾਈ ਹੈ, ਮੈਂ ਸਮਝਦਾ ਹਾਂ ਕਿ ਅੱਜ ਦਾ ਦਿਨ ਕਾਲੇ ਦਿਨ ਵੱਜੋਂ ਯਾਦ ਕੀਤਾ ਜਾਵੇਗਾ। ਇਹ ਕਾਂਗਰਸ ਵਾਲੇ ਜੋ ਸਾਰੇ ਦੇਸ਼ ਨੂੰ ਲੁੱਟ ਕੇ ਖਾ ਗਏ, ਜੋ ਪੰਜਾਬ ਨੂੰ ਲੁੱਟ ਕੇ ਖਾ ਗਏ, ਜੋ ਪੰਜਾਬ ਦੀ ਜਵਾਨੀ ਖਾ ਗਏ, ਜਿਨ੍ਹਾਂ ਨੇ ਪੰਜਾਬ ਦੀ ਟਰਾਂਸਪੋਰਟ ਨਹੀਂ ਛੱਡੀ, ਜਿਨ੍ਹਾਂ ਨੇ ਪੰਜਾਬ ਦੀਆਂ ਨੌਕਰੀਆਂ ਨਹੀਂ ਛੱਡੀਆਂ, ਇਨ੍ਹਾਂ ਨੇ ਪੰਜਾਬ ਦਾ ਕੁੱਝ ਛੱਡਿਆ ਹੀ ਨਹੀਂ। ਇਹ ਅੱਜ ਪੰਜਾਬ ਦੀ ਗੱਲ ਕਰਦੇ ਹਨ ਤਾਂ ਇਸ ਤਰ੍ਹਾਂ ਲਗਦਾ ਹੈ ਕਿ ** ** ਦੀ ਦਾਹੜੀ ਵਿਚ ਤਿਨਕਾ। ਇਨ੍ਹਾਂ ਦੀ ਤਾਂ ਸਾਰੀ ਦੀ ਸਾਰੀ ਦਾਲ ਹੀ ਕਾਲੀ ਹੈ। ਅੱਜ ਜਿਸ ਤਰੀਕੇ ਨਾਲ ਇਨ੍ਹਾਂ ਦਾ ਕੰਡਕਟ ਹੈ, ਉਹ ਸਹੀ ਨਹੀਂ ਹੈ। ਜ਼ੀਰੋ ਆਵਰ ਕਿਸ ਲਈ ਹੁੰਦਾ ਹੈ। ਇਹ ਕਰੰਟ ਅਤੇ ਅਰਜੰਟ ਮੁੱਦਿਆਂ ਲਈ ਹੁੰਦਾ ਹੈ। ਅੱਜ ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ। ਜਿਵੇਂ ਚੀਮਾ ਸਾਹਿਬ ਨੇ ਦੱਸਿਆ ਸੀ ਕਿ ਨਾ ਇਨ੍ਹਾਂ ਨੇ 47 ਸਵਾਲਾਂ ਵਿੱਚੋਂ ਕੋਈ ਸਵਾਲ ਲਗਾਇਆ ਹੈ ਅਤੇ ਨਾ ਕੋਈ ਸਬਸਟੈਂਟਿਵ ਮੋਸ਼ਨ ਲਗਾਇਆ, ਨਾ ਇਨ੍ਹਾਂ ਨੇ ਕੋਈ ਕਾਲ ਅਟੈਂਸ਼ਨ ਲਗਾਈ, ਨਾ ਇਨ੍ਹਾਂ ਨੇ ਕੋਈ ਪ੍ਰਾਈਵੇਟ ਰੈਜ਼ੋਲਿਊਸ਼ਨ ਲਗਾਇਆ, ਨਾ ਪ੍ਰਾਈਵੇਟ ਮੈਂਬਰ ਬਿਲ ਲਗਾਇਆ। ਜਿਹੜਾ ਅੱਜ ਵੀਰਵਾਰ ਦਾ ਦਿਨ ਆਪੋਜੀਸ਼ਨ ਤੇ ਸੱਤਾਧਾਰੀ ਧਿਰ ਦੇ ਪ੍ਰਾਈਵੇਟ ਮੈਂਬਰਾਂ ਦੇ ਦਿਨ ਵੱਜੋਂ ਹੁੰਦਾ ਹੈ, ਉਹ ਇਨ੍ਹਾਂ ਨੇ ਖੇਹ ਖਰਾਬ ਕਰ ਦਿੱਤਾ ਹੈ। ਇਹ ਖੜ੍ਹੇ ਹੋ ਕੇ ਕਹਿੰਦੇ ਹਨ ਕਿ ਸੀ.ਐਮ. ਸਾਹਿਬ ਫੌਜਾ ਸਿੰਘ ਸਰਾਰੀ ਦੇ ਮੁੱਦੇ ਤੇ ਸਟੇਟਮੈਂਟ ਦੇਣ। ਪਹਿਲੀ ਗੱਲ ਕੀ ਇਨ੍ਹਾਂ ਨੂੰ ਦਿਖਦਾ ਨਹੀਂ ਹੈ ਕਿ ਅੱਜ ਸੀ.ਐਮ. ਸਾਹਿਬ ਹਾਊਸ ਦੇ ਅੰਦਰ ਮੌਜੂਦ ਨਹੀਂ ਹਨ। ਦੂਜੀ ਗੱਲ ਮੈਨੂੰ ਲਗਦਾ ਹੈ ਕਿ ਇਹ ਸਵੇਰੇ ਅਖਬਾਰ ਨਹੀਂ ਪੜ੍ਹਦੇ। ਸੀ.ਐਮ. ਸਾਹਿਬ ਨੂੰ ਇਹ ਜਿਹੜੀ ਸਟੇਟਮੈਂਟ ਦੇਣ ਲਈ ਕਹਿ ਰਹੇ ਹਨ। ਉਸ ਬਾਰੇ ਅੱਜ ਦੇ

ਅਖਬਾਰ ਦੇ ਵਿਚ ਸੀ.ਐਮ. ਸਾਹਿਬ ਦੀ ਸਟੇਟਮੈਂਟ ਪਹਿਲਾਂ ਹੀ ਆ ਚੁੱਕੀ ਹੈ। ਮੈਂ ਪੜ੍ਹ ਦਿੰਦਾ ਹਾਂ: When asked about the action being taken in Sarari case, the CM said already a notice has been issued and action will be taken against the Minister according to the Rules following proper channel.

ਅ.ਕ/ਰ.ਕ/3.10/29.9.2022

ਸਰ ਮੈਨੂੰ ਇੱਕ ਗੱਲ ਦੱਸੋ ਕਿ ਜਦੋਂ ਇੱਕ ਮੁੱਖ ਮੰਤਰੀ ਨੇ ਸਵੇਰ ਦੇ ਅਖਬਾਰ ਦੇ ਵਿੱਚ ਸਟੇਟਮੈਂਟ ਦੇ ਦਿੱਤੀ। ਇਹ ਬਿਨ੍ਹਾਂ ਪੜੇ ਬਿਨ੍ਹਾਂ ਕੁਝ ਪਤਾ ਕੀਤੇ ਇਹ ਅੱਖਾਂ ਮਲਦੇ ਹੋਏ ਵਿਧਾਨ ਸਭਾ ਦੇ ਵਿੱਚ ਆ ਜਾਂਦੇ ਹਨ, ਕੀ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਪੰਜਾਬ ਵਿੱਚ ਕੀ ਚੱਲ ਰਿਹਾ ਹੈ, ਮੀਡੀਆ ਦੇ ਵਿੱਚ ਕੀ ਚੱਲ ਰਿਹਾ ਹੈ। ਇਨ੍ਹਾਂ ਨੇ ਇੱਥੇ ਆ ਕੇ ਸਿਰਫ ਡਰਾਮੇਬਾਜ਼ੀ ਕਰਨੀ ਹੈ, ਨੌਟੰਕੀ ਕਰਨੀ ਹੈ, ਹੋਰ ਇਨ੍ਹਾਂ ਨੂੰ ਕੱਖ ਨਹੀਂ ਆਉਂਦਾ ਹੈ। ਜਦੋਂ ਇੱਕ ਮੁੱਖ ਮੰਤਰੀ ਦੀ ਸਟੇਟਮੈਂਟ ਹੀ ਪੇਪਰ ਦੇ ਵਿੱਚ ਆ ਗਈ ਤੇ ਫਿਰ ਇਹ ਕਿਉਂ ਇੱਥੇ ਖੜ ਕੇ ਰੌਲਾ ਪਾਈ ਜਾਂਦੇ ਹਨ। ਇਸ ਦਾ ਇਕੋ ਹੀ ਹੱਲ ਹੈ, ਇਹ ਲੋਕਾਂ ਦੀ ਕਚਹਿਰੀ ਦੇ ਵਿੱਚ ਜਾਣ, ਫਿਰ ਦੇਖਣ ਕਿ ਕਿਵੇਂ ਇਨ੍ਹਾਂ ਦੀ ਥੂ-ਥੂ ਹੁੰਦੀ ਹੈ। ਇਨ੍ਹਾਂ ਨੂੰ ਪਤਾ ਲੱਗ ਜਾਵੇਗਾ। ਇਹੀ ਕਾਂਗਰਸ ਪਾਰਟੀ ਲੋਕਾਂ ਨੂੰ ਲੁੱਟ ਕੇ ਖਾ ਗਈ, ਇਹੀ ਪੰਜਾਬ ਨੂੰ ਲੁੱਟ ਕੇ ਖਾ ਗਈ। ਇਹ ਕਲੀਨ ਚਿੱਟਾਂ ਰਾਣਾ ਗੁਰਜੀਤ ਜੀ ਨੂੰ ਦਿੰਦੇ ਰਹੇ, ਇਹ ਕਲੀਨ ਚਿੱਟਾਂ ਚੰਨੀ ਜੀ ਨੂੰ ਦਿੰਦੇ ਰਹੇ, ਇਹ ਕਲੀਨ ਚਿੱਟਾਂ ਟਰਾਂਸਪੋਰਟ ਘਰਾਣੇ ਦੇ ਰਾਜਾ ਜੀ ਹੋਰਾਂ ਨੂੰ ਦਿੰਦੇ ਰਹੇ ਹਨ। ਜੇ ਇਹ ਇਮਾਨਦਾਰੀ ਦਾ ਪਾਠ ਸਾਨੂੰ ਪੜ੍ਹਾਉਣਗੇ ਤਾਂ ਇਨ੍ਹਾਂ ਨੂੰ ਮੂੰਹ ਦੀਆਂ ਖਾਣੀਆਂ ਪੈਣਗੀਆਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅੱਜ ਪੂਰੇ ਮੁਲਕ ਦੇ ਵਿੱਚ ਇੱਕੋ-ਇੱਕ ਪਾਰਟੀ ਜਿਹੜੀ ਇਮਾਨਦਾਰੀ ਦੀ ਝੰਡਾ ਬਰਦਾਰ ਹੈ ਤਾਂ ਉਹ ਕੇਜਰੀਵਾਲ ਸਾਹਿਬ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਜਿਹੜੇ ਕੰਮ ਪੰਜਾਬ ਦੇ ਵਿੱਚ ਪਿਛਲੇ 70 ਸਾਲਾਂ ਦੇ ਵਿੱਚ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਲਈ ਨਹੀਂ ਹੋਏ ਉਹ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ 6 ਮਹੀਨਿਆਂ ਦੇ ਵਿੱਚ ਕਰਕੇ ਦਿਖਾ ਦਿੱਤਾ ਹੈ। ਮੈਨੂੰ ਲੱਗਦਾ ਹੈ ਕਿ ਇਸ ਦੇ ਵਿੱਚ ਅੱਧੇ ਤਾਂ ਬੀ.ਜੇ.ਪੀ. ਵਿੱਚ ਚਲੇ ਗਏ ਹਨ, ਅੱਧੇ ਅੰਦਰ ਹੋ ਗਏ ਹਨ। ਇਹ ਬਾਹਰ ਗਿਣੇ-ਚੁਣੇ ਹੀ ਰਹਿ ਗਏ ਹਨ। ਇਨ੍ਹਾਂ ਦੇ ਵੀ ਦਿਨ ਥੋੜ੍ਹੇ ਹੀ ਬਚਦੇ ਹਨ ਜਾਂ ਤਾਂ ਇਹ ਅੰਦਰ ਹੋਣਗੇ ਜਾਂ ਇਹ ਕਿਸੇ ਨਾ ਕਿਸੇ ਪਾਸੇ ਮੂੰਹ ਛੁਪਾਉਣ ਲਈ ਜਾਣਗੇ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਕਹੋ ਕਿ ਇਹ ਹਾਊਸ ਦੇ ਕੰਡਕਟ ਨੂੰ ਹਾਊਸ ਦੇ decorum ਨੂੰ maintain ਕਰਕੇ ਰੱਖਣ। ਇਨ੍ਹਾਂ ਨੂੰ ਡਰਾਮੇਬਾਜ਼ੀਆਂ ਕਰਨ ਦੀ ਲੋੜ ਨਹੀਂ ਹੈ। ਚੋਰ ਮਚਾਏ ਸ਼ੋਰ ਵਾਲੀ ਗੱਲ ਹੈ। 900 ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ। ਇਹ ਸਾਨੂੰ ਸਮਝਾਉਂਦੇ ਹਨ, ਇਹ ਸਾਨੂੰ ਇਮਾਨਦਾਰੀ ਦਾ ਪਾਠ ਪੜ੍ਹਾਉਂਦੇ ਹਨ। ਇਹ ਸਿਰੇ ਦੇ ਬੇਈਮਾਨ, ਸਿਰੇ ਦੇ ** **, ਸਿਰੇ ਦੇ

ਡਾਕੂ ਹਨ, ਇਹ ਸਾਰੇ ਪੰਜਾਬ ਨੂੰ ਲੁੱਟ ਕੇ ਖਾ ਗਏ। ਇਹ ਸਾਨੂੰ ਆਮ ਆਦਮੀ ਪਾਰਟੀ ਨੂੰ, ਕੇਜਰੀਵਾਲ ਅਤੇ ਸ਼੍ਰੀ ਭਗਵੰਤ ਮਾਨ ਦੇ ਸਿਪਾਹੀਆਂ ਨੂੰ ਇਮਾਨਦਾਰੀ ਦਾ ਪਾਠ ਪੜ੍ਹਾਉਣਗੇ। ਇਨ੍ਹਾਂ ਨੂੰ ਕਹੋ ਕਿ ਇਹ ਚੁੱਪ ਕਰਕੇ ਬੈਠਣ। ਜੇ ਲੱਤਾਂ ਭਾਰ ਝੱਲਦੀਆਂ ਹਨ ਤਾਂ ਅੱਖਾਂ ਦੇ ਵਿੱਚ ਅੱਖਾਂ ਪਾ ਕੇ ਸਾਡੇ ਮੁੱਦਿਆਂ ਦਾ, ਸਾਡੇ ਸਵਾਲਾਂ ਦਾ ਜਵਾਬ ਦੇਣ। ਸਾਨੂੰ ਪ੍ਰੋਡਕਟਿਵ ਸਵਾਲ ਕਰਨ ਤਾਂ ਸਮਝ ਵੀ ਆਉਂਦੀ ਹੈ।

**ਮਾਨਯੋਗ ਸਪੀਕਰ:** ** ** ਸ਼ਬਦ ਕੱਟ ਦਿੱਤਾ ਜਾਵੇ। ** ** ਸ਼ਬਦ ਰਿਕਾਰਡ ਤੇ ਨਾ ਲਿਆਂਦਾ ਜਾਵੇ।

**ਸੂਚਨਾ ਤੇ ਲੋਕ ਸੰਪਰਕ ਮੰਤਰੀ:** ਇਸ ਤਰ੍ਹਾਂ ਦੀ non-sense ਇੱਥੇ ਨਹੀਂ ਚੱਲਣੀ। ਬਹੁਤ-ਬਹੁਤ ਧੰਨਵਾਦ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ਲਗਾਤਾਰ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ। )

**ਮਾਨਯੋਗ ਸਪੀਕਰ:** ਬਾਜਵਾ ਸਾਹਿਬ ਨੇ ਜਦੋਂ ਦਿਨ ਵਧਾਉਣ ਦੀ ਗੱਲ ਕੀਤੀ ਸੀ ਤਾਂ ਮੈਨੂੰ ਬਹੁਤ ਸਕੂਨ ਹੋਇਆ ਸੀ ਕਿ ਹੁਣ ਵੱਧ ਦਿਨ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਇੱਥੇ ਡਿਸਕਸ ਕਰਾਂਗੇ ਲੇਕਿਨ ਇਹ ਡਿਸਕਸ਼ਨ ਹੋਣੀ ਸੀ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੀਆਂ-ਆਪਣੀਆਂ ਸੀਟਾਂ ਤੇ ਚਲੇ ਜਾਓ। ਲੋਕਾਂ ਦਾ ਪੈਸਾ ਬਰਬਾਦ ਨਾ ਕਰੋ, ਸਮਾਂ ਬਰਬਾਦ ਨਾ ਕਰੋ। ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਨਾ ਕਰੋ। ਸ਼੍ਰੀ ਕੁੰਵਰ ਵਿਜੇ ਪ੍ਰਤਾਪ ਜੀ ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਦੱਸੋ। (ਵਿਘਨ)(ਸ਼ੋਰ)

**ਕੁੰਵਰ ਵਿਜੇ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ) :** ਮਾਨਯੋਗ ਸਪੀਕਰ ਸਾਹਿਬ, ਸਾਡੇ ਜਿਹੜੇ ਵਿਪਕਸ਼ ਦੇ ਸਾਥੀ ਹਨ, ਇਨ੍ਹਾਂ ਨੂੰ ਮੈਂ kindly ਬੇਨਤੀ ਕਰਦਾ ਹਾਂ ਕਿ ਤੁਸੀਂ ਬੈਠ ਜਾਓ। ਜੇ ਤੁਸੀਂ ਨਹੀਂ ਬੈਠਣਾ ਹੈ ਤਾਂ ਬਾਹਰ ਚਲੇ ਜਾਓ। ਅਸੀਂ ਬਹੁਤ important ਮੁੱਦੇ ਤੇ ਗੱਲ ਕਰਨੀ ਹੈ। ਤੁਸੀਂ ਰਾਜਾ ਵੜਿੰਗ ਜੀ, ਬੈਠ ਜਾਓ। ਮੇਰੀ ਵੀ ਗੱਲ ਸੁਣ ਲਓ। ਤੁਸੀਂ ਸਾਰੇ ਬੈਠ ਜਾਓ। ਮੈਂ ਬਰਗਾੜੀ ਮੁੱਦੇ ਤੇ ਗੱਲ ਕਰਨੀ ਚਾਹੁੰਦਾ ਹਾਂ। ਮੈਨੂੰ ਗੱਲ ਕਰਨ ਦਿਓ।

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਰੱਖੋ ਅਤੇ ਚੇਅਰ ਨੂੰ ਐਡਰੈਸ ਕਰੋ ਜੀ, ਚੇਅਰ ਨੂੰ ਐਡਰੈਸ ਕਰੋ। ਮੈਨੂੰ ਦੱਸੋ।

**ਕੁੰਵਰ ਵਿਜੇ ਪ੍ਰਤਾਪ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ ਬਰਗਾੜੀ ਮੁੱਦੇ ਤੇ ਗੱਲ ਕਰਨੀ ਚਾਹੁੰਦਾ ਹਾਂ। ਪਿਛਲੇ ਸੈਸ਼ਨ ਦੇ ਵਿੱਚ ਵੀ ਮੈਂ ਰਿਕੁਐਸਟ ਕੀਤੀ ਸੀ ਪਰ ਸਮਾਂ ਨਹੀਂ ਮਿਲਿਆ। ਹਾਲਾਂਕਿ zero hour ਦੇ ਵਿੱਚ ਗੱਲ ਪੂਰੀ ਨਹੀਂ ਹੋ ਸਕਦੀ ਹੈ। ਸ਼ੋਰ-ਸ਼ਰਾਬੇ ਦੇ ਵਿੱਚ ਵੀ ਗੱਲ ਪੂਰੀ ਨਹੀਂ ਹੋ ਸਕਦੀ ਹੈ। ਲੇਕਿਨ ਮੈਂ ਇਨ੍ਹਾਂ ਨੂੰ ਇਹ ਹੀ ਕਹਾਂਗਾ ਕਿ..

**ਮਾਨਯੋਗ ਸਪੀਕਰ:** ਤੁਸੀਂ ਇਨ੍ਹਾਂ ਨੂੰ ਕੁਝ ਨਹੀਂ ਕਹਿਣਾ, ਤੁਸੀਂ ਚੇਅਰ ਨੂੰ ਐਡਰੈਸ ਕਰਨਾ ਹੈ। ਤੁਸੀਂ ਆਪਣੀ ਗੱਲ ਰੱਖੋ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਰਦਾਰ ਫੌਜਾ ਸਿੰਘ ਸਰਾਰੀ, ਸੁਤੰਤਰਤਾ ਸੈਨਾਨੀ ਮੰਤਰੀ ਜੀ ਦੇ ਮੁੱਦੇ ਤੇ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਸਟੇਟਮੈਂਟ ਦੇਣ ਦੇ ਮੁੱਦੇ ਤੇ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। )

**ਕੁੰਵਰ ਵਿਜੇ ਪ੍ਰਤਾਪ ਸਿੰਘ:** ਮੈਂ ਮਾਨਯੋਗ ਸਪੀਕਰ ਸਾਹਿਬ ਦੇ ਰਾਹੀਂ ਹੀ ਗੱਲ ਕਰਾਂਗਾ । ਬਾਜਵਾ ਸਾਹਿਬ ਤੁਸੀਂ ਬੈਠ ਜਾਓ।

**ਮਾਨਯੋਗ ਸਪੀਕਰ:** ਤੁਸੀਂ ਗੱਲ ਕਰੋ ਜੀ।

3.15 / 29.09.2022/ਤ.ਸ./ਰ.ਕ.

**ਕੁੰਵਰ ਵਿਜੇ ਪ੍ਰਤਾਪ ਸਿੰਘ** : ਸਰ, ਬਹੁਤ ਹੀ ਅਹਿਮ ਮੁੱਦਾ ਹੈ। ਸਰ, ਦੋ ਅਹਿਮ ਮੁੱਦੇ ਹਨ। ਇਸ ਤੋਂ ਪਹਿਲਾਂ ਕਿ ਮੈਂ ਬਰਗਾੜੀ ਤੇ ਬੋਲਾਂ, ਮੈਂ ਲੋਟਸ ਆਪਰੇਸ਼ਨ ਤੇ ਦੋ ਲਾਇਨਾਂ ਬੋਲਣਾ ਚਾਹੁੰਦਾ ਹਾਂ। (ਸ਼ੋਰ)

**ਮਾਨਯੋਗ ਸਪੀਕਰ** : ਤੁਸੀਂ ਇੱਕ ਮੁੱਦੇ ਤੇ ਬੋਲੋ। ਜਲਦੀ ਬੋਲੋ। (ਵਿਘਨ)

**ਕੁੰਵਰ ਵਿਜੇ ਪ੍ਰਤਾਪ ਸਿੰਘ** : ਸਰ, ਬਰਗਾੜੀ ਦੇ ਮੁੱਦੇ ਬਾਰੇ ਸ਼ੋਰ ਸ਼ਰਾਬੇ ਵਿੱਚ ਨਹੀਂ ਬੋਲਿਆ ਜਾ ਸਕਦਾ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇਕਰ ਇਹ ਨਹੀਂ ਬੈਠਣਾ ਚਾਹੁੰਦੇ ਤਾਂ ਇਨ੍ਹਾਂ ਨੂੰ ਬਾਹਰ ਕੱਢ ਦਿੱਤਾ ਜਾਵੇ। (ਸ਼ੋਰ)

**ਮਾਨਯੋਗ ਸਪੀਕਰ** : ਤੁਸੀਂ ਆਪਣੀ ਗੱਲ ਜਾਰੀ ਰੱਖੋ। ਤੁਹਾਡੀ ਗੱਲ ਆ ਰਹੀ ਹੈ। (ਵਿਘਨ)

**ਕੁੰਵਰ ਵਿਜੇ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਸਾਰੇ ਪੰਜਾਬ ਨੂੰ ਪਤਾ ਹੈ ਕਿ 2015 ਵਿੱਚ ਬਰਗਾੜੀ ਦਾ ਇੰਸੀਡੈਂਟ ਹੋਇਆ ਸੀ, ਬੇਅਦਬੀ ਦਾ ਇੰਸੀਡੈਂਟ ਹੋਇਆ ਸੀ। ਉਸ ਤੋਂ ਬਾਅਦ ਗੋਲੀ ਚੱਲੀ ਸੀ। ਆਉਣ

ਵਾਲੀ 14 ਅਕਤੂਬਰ ਨੂੰ ਇਸ ਦੇ 7 ਸਾਲ ਪੂਰੇ ਹੋ ਰਹੇ ਹਨ। (ਸ਼ੋਰ) ਪਿਛਲੀ 14 ਤਾਰੀਖ ਨੂੰ ਸੁਖਬੀਰ ਬਾਦਲ ਨੂੰ ਐਸ.ਆਈ.ਟੀ. ਨੇ ਤਲਬ ਕੀਤਾ ਸੀ। (ਵਿਘਨ) ਰਾਜਾ ਵੜਿੰਗ ਜੀ, ਪਲੀਜ਼ ਬੈਠ ਜਾਉ। (ਸ਼ੋਰ) ਬਹੁਤ ਅਹਿਮ ਮੁੱਦਾ ਹੈ।

**ਮਾਨਯੋਗ ਸਪੀਕਰ** : ਚੇਅਰ ਨੂੰ ਐਡਰੈਸ ਕਰੋ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਇਹ ਬਹੁਤ ਅਹਿਮ ਮੁੱਦਾ ਹੈ। ਤੁਸੀਂ ਵੀ ਸਾਰੇ ਦੋਸ਼ੀ ਹੋ। ਪੰਜ ਸਾਲ ਤੁਸੀਂ ਜੋ ਕੀਤਾ, ਬਹੁਤ ਗਲਤ ਕੀਤਾ ਹੈ।

**ਮਾਨਯੋਗ ਸਪੀਕਰ** : ਕੁੰਵਰ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ। (ਸ਼ੋਰ)

**ਕੁੰਵਰ ਵਿਜੇ ਪ੍ਰਤਾਪ ਸਿੰਘ** : ਕੈਪਟਨ ਅਮਰਿੰਦਰ ਸਿੰਘ ਨੂੰ ਇਸ ਚੀਜ਼ ਦੀ ਸਜ਼ਾ ਮਿਲ ਚੁੱਕੀ ਹੈ। ਤੁਸੀਂ ਬੈਠ ਕੇ ਸੁਣ ਲਉ।

**ਮਾਨਯੋਗ ਸਪੀਕਰ** : ਕੁੰਵਰ ਜੀ ਤੁਹਾਡੀ ਗੱਲ ਪੂਰਾ ਪੰਜਾਬ ਸੁਣ ਰਿਹਾ ਹੈ। ਤੁਸੀਂ ਆਪਣੀ ਗੱਲ ਕਰੋ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਸਪੀਕਰ ਸਾਹਿਬ, 14 ਤਾਰੀਖ ਨੂੰ ਐਸ.ਆਈ.ਟੀ. ਨੇ ਸੁਖਬੀਰ ਬਾਦਲ ਨੂੰ ਤਲਬ ਕੀਤਾ ਸੀ। ਜਦੋਂ ਸੁਖਬੀਰ ਬਾਦਲ ਪੁੱਛ ਪੜਤਾਲ ਤੋਂ ਬਾਅਦ ਬਾਹਰ ਨਿਕਲੇ ਤਾਂ ਉਨ੍ਹਾਂ ਦਾ ਪਹਿਲਾ ਬਿਆਨ ਸੀ.... (ਵਿਘਨ) (ਸ਼ੋਰ)

**ਸੂਚਨਾ ਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ)** : ਸਰ, ਮੇਰੀ ਇੱਕ ਬੇਨਤੀ ਹੈ....

**ਮਾਨਯੋਗ ਸਪੀਕਰ** : ਅਮਨ ਜੀ, ਉਨ੍ਹਾਂ ਨੂੰ ਗੱਲ ਕਰ ਲੈਣ ਦਿਉ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਜਦੋਂ ਸੁਖਬੀਰ ਬਾਦਲ ਜੀ ਬਾਹਰ ਨਿਕਲੇ ਤਾਂ ਉਨ੍ਹਾਂ ਦਾ ਬਿਆਨ ਸੀ ਕਿ ਜਦੋਂ ਸਾਡੀ ਸਰਕਾਰ ਆਵੇਗੀ ਤਾਂ ਕੁੰਵਰ ਵਿਜੇ ਪ੍ਰਤਾਪ ਨੂੰ ਨਹੀਂ ਛੱਡਾਂਗੇ। ਇਹ 14 ਤਾਰੀਖ ਦੀ ਗੱਲ ਹੈ। (ਵਿਘਨ) (ਸ਼ੋਰ) 7 ਤਾਰੀਖ ਨੂੰ ਉਨ੍ਹਾਂ ਨੂੰ ਨੌਨਿਹਾਲ ਸਿੰਘ ਦੀ ਐਸ.ਆਈ.ਟੀ. ਨੇ ਬੁਲਾਇਆ ਸੀ ਅਤੇ 14 ਤਾਰੀਖ ਨੂੰ ਐਲ.ਕੇ.ਯਾਦਵ ਵਾਲੀ ਐਸ.ਆਈ.ਟੀ. ਨੇ ਬੁਲਾਇਆ ਸੀ। ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਐਲ.ਕੇ.ਯਾਦਵ ਦੀ ਐਸ.ਆਈ.ਟੀ. ਨੇ ਸੁਖਬੀਰ ਬਾਦਲ ਨੂੰ ਤਲਬ ਕੀਤਾ ਸੀ ਤਾਂ ਉਸ ਨੇ ਬਾਹਰ ਨਿਕਲਦੇ ਹੀ ਕੁੰਵਰ ਵਿਜੇ ਪ੍ਰਤਾਪ ਦੇ ਖਿਲਾਫ ਬੋਲਿਆ, ਤਾਂ ਉਸ ਨੂੰ ਇਹ ਪਾਵਰ ਕਿਸ ਨੇ ਦਿੱਤੀ?(ਸ਼ੋਰ) ਇਸ ਦਾ ਕਾਰਨ ਇਹ ਹੈ ਕਿ ਅੰਦਰ ਪੁੱਛਗਿੱਛ ਹੀ ਨਹੀਂ ਹੋਈ। ਐਲ.ਕੇ.ਯਾਦਵ ਦੀ ਐਸ.ਆਈ.ਟੀ. ਨੇ ਕੋਈ ਪੁੱਛ ਗਿੱਛ ਨਹੀਂ ਕੀਤੀ। ਕੇਵਲ ਚਾਹ ਪਕੌੜੇ ਖਿਲਾ ਕੇ ਹੀ ਭੇਜ ਦਿੱਤਾ ਗਿਆ। ਉਸ ਨੂੰ ਇਹ ਕਹਿ ਕੇ ਭੇਜ ਦਿੱਤਾ ਗਿਆ ਕਿ ਕੁੰਵਰ ਵਿਜੇ ਪ੍ਰਤਾਪ ਕਰਕੇ ਹੀ ਬੁਲਾਉਣਾ ਪਿਆ, ਅਸੀਂ ਤਾਂ ਨਹੀਂ ਬੁਲਾਉਣਾ ਚਾਹੁੰਦੇ ਸੀ।

ਮਾਨਯੋਗ ਸਪੀਕਰ ਸਾਹਿਬ, ਜੋ ਐਲ.ਕੇ.ਯਾਦਵ ਦੀ ਐਸ.ਆਈ.ਟੀ. ਬਣਾਈ ਗਈ, ਉਸ ਬਾਰੇ ਸਭ ਨੂੰ ਇਹ ਲੱਗਦਾ ਹੈ ਕਿ ਐਲ.ਕੇ.ਯਾਦਵ ਨੂੰ ਹਾਈ ਕੋਰਟ ਨੇ ਲਗਾਇਆ ਸੀ। ਐਸ.ਕੇ.ਯਾਦਵ ਨੂੰ ਹਾਈ ਕੋਰਟ ਨੇ ਨਹੀਂ ਲਗਾਇਆ ਸੀ। ਤੁਸੀਂ ਦੇਖੋ ਕਿ ਐਲ.ਕੇ.ਯਾਦਵ ਆਈ.ਜੀ. ਰੈਂਕ ਦਾ ਅਫ਼ਸਰ ਹੁੰਦਾ ਸੀ। ਲੇਕਿਨ ਹਾਈ ਕੋਰਟ ਦਾ ਆਰਡਰ ਸੀ ਕਿ ਏ.ਡੀ.ਜੀ.ਪੀ. ਰੈਂਕ ਦਾ ਅਫ਼ਸਰ ਲਗਾਉਣਾ ਹੈ। ਉਸ ਵੇਲੇ ਜੋ ਆਈ.ਪੀ.ਐਸ. ਦੀ ਗਰੇਡੇਸ਼ਨ ਲਿਸਟ ਸੀ, ਉਸ ਵਿੱਚ 35 ਤੋਂ ਜ਼ਿਆਦਾ ਅਫ਼ਸਰ ਏ.ਡੀ.ਜੀ.ਪੀ. ਜਾਂ ਉਸ ਤੋਂ ਉੱਪਰ ਸਨ। ਸਪੀਕਰ ਸਾਹਿਬ 4 ਮਈ ਨੂੰ 8 ਅਫ਼ਸਰਾਂ ਦੀ ਪਰਮੋਸ਼ਨ ਕੀਤੀ ਜਾਂਦੀ ਹੈ।

**ਮਾਨਯੋਗ ਸਪੀਕਰ** : ਬਰੀਫ ਕਰ ਲਉ ਜੀ।

**ਕੁੰਵਰ ਵਿਜੇ ਪ੍ਰਤਾਪ ਸਿੰਘ** : 8 ਅਫ਼ਸਰਾਂ ਦੀ ਪਰਮੋਸ਼ਨ ਹੁੰਦੀ ਹੈ ਅਤੇ ਉਨ੍ਹਾਂ ਵਿੱਚ 8ਵੇਂ ਨੰਬਰ ਤੇ ਐਲ.ਕੇ.ਯਾਦਵ ਸੀ। ਐਲ.ਕੇ.ਯਾਦਵ ਨੂੰ ਸਿੱਟ ਦਾ ਮੁੱਖੀ ਬਣਾਇਆ ਜਾ ਰਿਹਾ ਹੈ। It means ਐਲ.ਕੇ.ਯਾਦਵ ਨੂੰ ਪਰਮੋਸ਼ਨ ਦੇ ਕੇ ਏ.ਡੀ.ਜੀ.ਪੀ. ਬਣਾ ਕੇ ਐਸ.ਆਈ.ਟੀ. ਦਾ ਮੁੱਖੀ ਲਗਾਇਆ ਜਾ ਰਿਹਾ ਹੈ। ਇਹ ਕੰਮ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਕੀਤਾ ਸੀ। ਤੁਸੀਂ ਸਮਝ ਸਕਦੇ ਹੋ ਕਿ ਇਹ ਕੰਮ ਕਿਉਂ ਕੀਤਾ ਗਿਆ। ਜਾਂ ਤਾਂ ਦਾਲ ਵਿੱਚ ਕੁਝ ਕਾਲਾ ਹੈ ਜਾਂ ਸਮੁੱਚੀ ਦਾਲ ਹੀ ਕਾਲੀ ਹੈ। ਪਰਮੋਸ਼ਨ ਦੇ ਕੇ ਜਿਹੜਾ ਅਫ਼ਸਰ ਸਭ ਤੋਂ ਥੱਲੇ ਸੀ, ਉਸ ਨੂੰ ਸਿੱਟ ਦਾ ਮੁੱਖੀ ਬਣਾਇਆ ਗਿਆ। (ਵਿਘਨ) (ਸ਼ੋਰ) ਮਾਨਯੋਗ ਸਪੀਕਰ ਸਾਹਿਬ, ਥੋੜ੍ਹੀ ਜਿਹੀ ਗੱਲ....

**ਮਾਨਯੋਗ ਸਪੀਕਰ** : ਬਰੀਫ ਕਰੋ ਪਲੀਜ਼।

**ਕੁੰਵਰ ਵਿਜੇ ਪ੍ਰਤਾਪ ਸਿੰਘ** : 9 ਅਪ੍ਰੈਲ ਨੂੰ ਜੋ ਰਿਪੋਰਟ ਖਾਰਜ ਹੋਈ ਸੀ, ਮੈਂ ਉਦੋਂ ਵੀ ਬੇਨਤੀ ਕੀਤੀ ਸੀ ਕਿ ਮੈਨੂੰ ਕੋਈ ਕਿੰਤੂ ਪਰੰਤੂ ਨਹੀਂ ਹੈ। ਲੇਕਿਨ ਕੋਈ ਵੀ ਵਿਅਕਤੀ ਉਸ ਰਿਪੋਰਟ ਵਿੱਚ ਇੱਕ ਲਾਇਨ ਦੀ ਵੀ ਖਾਮੀ ਦਿਖਾ ਦੇਵੇ।

ਗ.ਕੌ/ ਮ.ਸ਼/ 29-9-2022/3.20

ਅੱਜ ਤੱਕ ਕੋਈ ਵੀ ਉਸ ਰਿਪੋਰਟ ਵਿੱਚ ਇੱਕ ਵੀ ਲਾਈਨ ਦੀ ਖਾਮੀ ਨਹੀਂ ਕੱਢ ਸਕਿਆ।(ਵਿਘਨ) ਅੱਜ ਤੱਕ ਕਿਸੇ ਨੂੰ ਇੱਕ ਵੀ ਲਾਈਨ ਗਲਤ ਨਹੀਂ ਮਿਲੀ ਹੈ। ਮਾਨਯੋਗ ਸਪੀਕਰ ਸਾਹਿਬ, 9 ਅਪ੍ਰੈਲ ਨੂੰ ਜਿਹੜਾ ਆਰਡਰ ਆਇਆ ਸੀ, ਮੈਂ ਉਦੋਂ ਦੇ ਚੀਫ ਮਨਿਸਟਰ ਕੈਪਟਨ ਅਮਰਿੰਦਰ ਸਿੰਘ ਨੂੰ 8 ਅਪ੍ਰੈਲ ਨੂੰ ਮਿਲ ਕੇ ਆਇਆ ਸੀ। ਮੈਂ ਉਦੋਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਇਸ ਰਿਪੋਰਟ ਨੂੰ ਖਾਰਜ ਨਾ ਕਰਵਾਉ। ਜੇਕਰ ਤੁਹਾਡਾ ਐਡਵੋਕੇਟ ਜਨਰਲ ਬਿਮਾਰ ਹੈ ਤਾਂ ਤੁਸੀਂ ਡੇਟ ਲੈ ਲਵੋ। ਡੇਟ ਤਾਂ ਹਮੇਸ਼ਾ ਮਿਲ ਜਾਂਦੀ ਹੈ। ਲੇਕਿਨ ਉਨ੍ਹਾਂ ਨੂੰ ਬਹੁਤ ਹੀ ਜਲਦਬਾਜ਼ੀ ਸੀ। ਉਨ੍ਹਾਂ ਦੇ ਐਡਵਾਈਜ਼ਰ ਪ੍ਰਸ਼ਾਂਤ ਕਿਸ਼ੋਰ ਦੀ ਸਲਾਹ ਤੇ

ਇਹ ਸਾਰਾ ਕੰਮ ਕੀਤਾ ਗਿਆ ਸੀ। ਮਾਨਯੋਗ ਸਪੀਕਰ ਸਾਹਿਬ, 9 ਤਾਰੀਖ ਦਾ ਇੱਕ ਈ-ਮੇਲ ਵੀ ਹੈ। ਜਿਸ ਦਿਨ ਰਿਪੋਰਟ ਖਾਰਜ ਹੋਈ ਸੀ। ਉਸ ਦਿਨ ਡੀ.ਜੀ.ਪੀ. ਅਤੇ ਸਰਕਾਰ ਦੇ ਵੱਡੇ ਅਹੁਦੇਦਾਰਾਂ ਨੂੰ ਇਹ ਈ-ਮੇਲ ਆਇਆ ਸੀ। ਈ-ਮੇਲ ਪੜ੍ਹ ਕੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਸਰਕਾਰ ਨੂੰ SIT ਦੀ ਰਿਪੋਰਟ ਖਾਰਜ ਕਰਵਾਉਣ ਦੀ ਬਹੁਤ ਜਲਦਬਾਜ਼ੀ ਸੀ। ਉਹ ਈ-ਮੇਲ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਦੇ ਦਿੰਦਾ ਹਾਂ। ਇਹ ਈ-ਮੇਲ ਦੱਸਦੀ ਹੈ ਕਿ ਉਦੋਂ ਦੀ ਪੰਜਾਬ ਸਰਕਾਰ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਬਹੁਤ ਜਲਦਬਾਜ਼ੀ ਸੀ। (ਵਿਘਨ) ਬਾਜਵਾ ਸਾਹਿਬ, ਬੈਠ ਜਾਉ। ਤੁਹਾਡੇ ਕੰਮ ਦੀ ਗੱਲ ਚੱਲ ਰਹੀ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਈ-ਮੇਲ ਦੱਸਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਰਿਪੋਰਟ ਖਾਰਜ ਕਰਵਾਉਣ ਦੀ ਬਹੁਤ ਜਲਦਬਾਜ਼ੀ ਸੀ। ਸਭ ਕੁਝ ਇਸ ਵਿੱਚ ਆ ਗਿਆ ਹੈ। ਹਾਈ ਕੋਰਟ ਦਾ ਜੋ ਫੈਸਲਾ ਆਇਆ ਹੈ, ਜੋ ਰਿਪੋਰਟ ਆਈ ਹੈ ਇਸ ਈ-ਮੇਲ ਦਾ ਕੋਈ ਵੀ ਜ਼ਿਕਰ ਨਹੀਂ ਹੈ। ਇਸ ਈ-ਮੇਲ ਵਿੱਚ ਜੋ contents ਹਨ ਉਨ੍ਹਾਂ ਬਾਰੇ ਕੋਈ ਵੀ ਜ਼ਿਕਰ ਨਹੀਂ ਹੈ। 9 ਅਪ੍ਰੈਲ ਨੂੰ ਜਿਹੜੀ ਰਿਪੋਰਟ ਖਾਰਜ ਹੋ ਗਈ ਸੀ ਉਸ ਦਾ ਲਿਖਤੀ ਆਰਡਰ 23 ਅਪ੍ਰੈਲ ਨੂੰ ਆ ਰਿਹਾ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਮੁਲਕ ਦਾ ਸੰਵਿਧਾਨ ਹੈ। ਮੁਲਕ ਦੇ ਸੰਵਿਧਾਨ ਵਿੱਚ ਕਿਸੇ ਵੀ ਥਾਂ ਤੇ ਇਹ ਨਹੀਂ ਲਿਖਿਆ ਹੋਇਆ ਕਿ ਤੁਸੀਂ 9 ਤਾਰੀਖ ਨੂੰ ਰਿਪੋਰਟ ਖਾਰਜ ਕਰਨ ਦਾ ਹੁਕਮ ਸੁਣਾ ਦਿਉ ਅਤੇ 15 ਦਿਨ ਬਾਅਦ ਤੁਸੀਂ ਆਰਡਰ ਲਿਖੋ । ਮੈਂ ਕਿਸੇ ਵੀ ਜੁਡੀਸ਼ੀਅਲ ਵਰਡਿਕਟ ਤੇ ਕੁਐਸਚਨਿੰਗ ਨਹੀਂ ਕਰ ਰਿਹਾ ਪਰ ਜੋ ਗੈਰ ਸੰਵਿਧਾਨਕ ਚੀਜ਼ ਹੈ ਉਹ ਹਮੇਸ਼ਾ ਗੈਰ ਸੰਵਿਧਾਨਕ ਹੀ ਹੈ। ਮੈਂ ਮਾਨਯੋਗ ਹਾਈਕੋਰਟ ਵਿੱਚ ਅਪੀਲ ਕੀਤੀ ਹੋਈ ਹੈ। ਉਸ ਫੈਸਲੇ ਨੂੰ ਮੇਰੇ ਵੱਲੋਂ ਚੈਲੰਜ ਕੀਤਾ ਗਿਆ ਹੈ। ਮੈਂ ਮਾਨਯੋਗ ਮੁੱਖ ਮੰਤਰੀ, ਭਗਵੰਤ ਮਾਨ ਜੀ ਨੂੰ ਵੀ ਬੇਨਤੀ ਕੀਤੀ ਹੈ ਕਿ ਪੰਜਾਬ ਸਰਕਾਰ ਉਸ ਅਪੀਲ ਨੂੰ ਆਪਣੇ ਪੱਧਰ ਤੇ ਲੜੇ। ਬਾਜਵਾ ਸਾਹਿਬ, ਇਹ ਤੁਹਾਡੇ ਕੰਮ ਦੀ ਚੀਜ਼ ਹੈ। ਆਪਣੀ ਸੀਟ ਤੇ ਬੈਠ ਜਾਉ। ਹੁਣ ਇਹ ਬਰਗਾੜੀ ਦਾ ਮੁੱਦਾ ਹੈ। (ਵਿਘਨ ਸ਼ੋਰ)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਮਾਨਯੋਗ ਸਪੀਕਰ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਹਮਣੇ ਬੈਠਣ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਾਢੇ ਚਾਰ ਸਾਲ ਇਨ੍ਹਾਂ ਦੀ ਸਰਕਾਰ ਨੇ ਕੀ ਕੀਤਾ ਹੈ। ਪਿਛਲੇ 6 ਸਾਲਾਂ ਵਿੱਚ ਦੂਜੀਆਂ ਸਰਕਾਰਾਂ ਨੇ ਕੀ ਕੀਤਾ ਹੈ। 5 ਮਹੀਨਿਆਂ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਜੋ ਕੀਤਾ ਉਹ ਤੁਹਾਡੇ ਸਭ ਦੇ ਸਾਹਮਣੇ ਹੈ। ਇਹ ਲੋਕ ** ** ਦੇ ਕਹਿਣ ਤੇ ਸੈਸ਼ਨ ਦਾ ਮਾਹੌਲ ਖਰਾਬ ਕਰ ਰਹੇ ਹਨ। ਅੱਜ ਪਰਾਲੀ ਦਾ ਬਹੁਤ ਵੱਡਾ ਮੁੱਦਾ ਡਿਸਕਸ ਕੀਤਾ ਜਾਣਾ ਸੀ। ਪੰਜਾਬ ਦੇ ਹੋਰ ਵੀ ਬਹੁਤ ਸਾਰੇ ਮੁੱਦੇ ਇੱਥੇ ਡਿਸਕਸ ਕਰਨੇ ਸਨ। ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਸਾਹਮਣੇ ਬੈਠ ਕੇ ਸਾਡੇ ਨਾਲ ਗੱਲ ਕਰਨ। ਇਹ ਸਾਡੇ ਨਾਲ

ਅੱਖ ਵਿੱਚ ਅੱਖ ਪਾ ਕੇ ਗੱਲ ਕਰਨ। ਫਿਰ ਅਸੀਂ ਦੱਸੀਏ ਕਿ ਇਨ੍ਹਾਂ ਨੇ ਪੰਜ ਸਾਲ ਕੀ ਕੀਤਾ ਹੈ ਅਤੇ ਅਸੀਂ ਪੰਜ ਮਹੀਨਿਆਂ ਵਿੱਚ ਕੀ ਕੀਤਾ ਹੈ। ਇਹ ਸਾਡੇ ਸਾਹਮਣੇ ਬੈਠ ਕੇ ਦੇਖਣ। ਇਨ੍ਹਾਂ ਨੂੰ ਅਸੀਂ ਇੱਕ ਇੱਕ ਚੀਜ਼ ਗਿਣਾ ਕੇ ਦੱਸੀਏ ਕਿ ਪੰਜ ਸਾਲਾਂ ਵਿੱਚ ਤੁਸੀਂ ਕੀ ਕੀਤਾ ਹੈ। ਕਾਂਗਰਸ ਪਾਰਟੀ ਦੀ ਸਰਕਾਰ ਨੇ ਪੰਜ ਸਾਲਾਂ ਵਿੱਚ ਕੀ ਕੀਤਾ ਹੈ?

3.25 ਕੁ.ਕ/ਮ.ਸ 29.09.2022

ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਬਿਠਾਇਆ ਜਾਵੇ ਜਾਂ ਇਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ। ਪੰਜਾਬ ਦੇ ਲੋਕਾਂ ਦੇ ਬਹੁਤ ਵੱਡੇ ਮੁੱਦੇ ਅਤੇ ਮਸਲੇ ਹਨ, ਅਸੀਂ ਸੈਸ਼ਨ ਚਲਾਉਣਾ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਅਗਲੀ ਆਈਟਮ। (ਵਿਘਨ) (ਸ਼ੋਰ) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ. ਮਤਾ ਪੇਸ਼ ਕਰਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਲੀਡਰ ਆਫ ਆਪੋਜ਼ੀਸ਼ਨ ਨੂੰ ਇਹ ਗੱਲ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਜਿਹੜਾ ਇਨ੍ਹਾਂ ਦੇ ਰਾਜ ਦੇ ਵਿੱਚ ਐਸ.ਸੀ. ਬੱਚਿਆਂ ਦਾ ਘਾਣ ਹੋਇਆ ਸੀ ਉਸ ਤੋਂ ਇਹ ਅੱਜ ਭੱਜ ਰਹੇ ਹਨ। ਇਹ ਬੈਠ ਕੇ ਸੁਣ ਕੇ ਜਾਣ।

---

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਉਹ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਲੈਣ ਵਾਸਤੇ ਚੇਅਰ ਵੱਲ ਦੇਖ ਰਹੇ ਸਨ ।)

## WALKOUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

---

## NON OFFICIAL RESOLUTION REGARDING TAKING OF APPROPRIATE STEPS BY THE STATE GOVERNMENT FOR SAFEGUARDING THE INTERESTS OF THE SC CHILDREN WHO DON'T GET SCHOLARSHIPS IN TIME

**ਮਾਨਯੋਗ ਸਪੀਕਰ:** ਮਤਾ ਪੇਸ਼ ਕਰੋ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ ਕਿ –

''ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਐਸ.ਸੀ. ਬੱਚਿਆਂ ਨੂੰ ਵਜ਼ੀਫੇ ਸਮੇਂ ਸਿਰ ਨਾ ਮਿਲਣ ਕਾਰਨ ਉਨ੍ਹਾਂ ਦੇ ਸਰਟੀਫਿਕੇਟ ਵਿੱਦਿਅਕ ਅਦਾਰਿਆਂ ਵੱਲੋਂ ਨਹੀਂ ਦਿੱਤੇ ਜਾਂਦੇ, ਇਸ ਲਈ ਐਸ.ਸੀ. ਬੱਚਿਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੇ ਉਚਿਤ ਕਦਮ ਚੁੱਕੇ ਜਾਣ ।''

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ –

''ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਐਸ.ਸੀ. ਬੱਚਿਆਂ ਨੂੰ ਵਜ਼ੀਫੇ ਸਮੇਂ ਸਿਰ ਨਾ ਮਿਲਣ ਕਾਰਨ ਉਨ੍ਹਾਂ ਦੇ ਸਰਟੀਫਿਕੇਟ ਵਿੱਦਿਅਕ ਅਦਾਰਿਆਂ ਵੱਲੋਂ ਨਹੀਂ ਦਿੱਤੇ ਜਾਂਦੇ, ਇਸ ਲਈ ਐਸ.ਸੀ. ਬੱਚਿਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੇ ਉਚਿਤ ਕਦਮ ਚੁੱਕੇ ਜਾਣ ।''

**ਬਹਿਸ**। ਹਾਂ ਜੀ, ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ,

''ਜਿੱਥੇ ਬੰਦਾ ਜੰਮਦਾ ਸੀਰੀ ਹੈ,
ਟਕਿਆਂ ਦੀ ਮੀਰੀ ਪੀਰੀ ਹੈ।
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ।
ਨੱਕ ਵਗਦੇ ਅੱਖਾਂ ਚੁੰਧੀਆਂ ਤੇ ਦੰਦ ਕਰੇੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।''

ਸਪੀਕਰ ਸਾਹਿਬ, ਇਸ ਸਦੀ ਦਾ ਇੱਕ ਮਹਾਨ ਕਵੀ 50 ਸਾਲ ਪਹਿਲਾਂ ਆਪਣਾ ਦੁੱਖ ਪ੍ਰਗਟ ਕਰਕੇ ਗਿਆ ਸੀ ਕਿ ਮੇਰੇ ਕਸਬੇ ਦੇ ਲੋਕ, ਮੇਰੇ ਕਬੀਲੇ ਦੇ ਲੋਕਾਂ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰੋ। ਪਰ ਸ਼ਰਮ ਦੀ ਗੱਲ ਹੈ

ਕਿ ਇਨ੍ਹਾਂ ਨੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਜਿਨ੍ਹਾਂ ਨੇ ਪੰਜਾਬ ਤੇ 50 ਸਾਲ ਰਾਜ ਕੀਤਾ। ਸਾਡੇ ਐਸ.ਸੀ. ਵਰਗ ਦੇ ਲੋਕਾਂ ਨੂੰ ਨਾ ਸਿਰਫ ਦੱਬਿਆ ਕੁਚਲਿਆ ਸਗੋਂ ਖਤਮ ਕਰਨ ਦੀ ਕੋਈ ਕਸਰ ਨਹੀਂ ਛੱਡੀ। ਇਹ ਇਨ੍ਹਾਂ ਮੁੱਦਿਆਂ ਤੋਂ ਭੱਜਦੇ ਹਨ। ਅੱਜ ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਚੈਲੰਜ ਕਰਦੀ ਹਾਂ ਕਿ ਆਓ, ਆ ਕੇ ਸਾਨੂੰ ਦੱਸੋ ਕਿ ਸਾਲ 2016 ਤੋਂ ਲੈ ਕੇ ਸਾਲ 2020 ਤੱਕ ਇਨ੍ਹਾਂ ਦੇ ਰਾਜ ਵਿੱਚ ਬੱਚਿਆਂ ਦੇ ਵਜ਼ੀਫੇ ਨਾ ਮਿਲਣ ਕਰਕੇ ਕਿੰਨੇ ਬੱਚਿਆਂ ਦੇ ਸਰਟੀਫਿਕੇਟ ਰੋਲੇ ਗਏ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਇਨ੍ਹਾਂ ਨੂੰ ਕਹੋ ਕਿ ਜੇ ਇਨ੍ਹਾਂ ਨੇ ਗਿੱਧਾ ਹੀ ਪਾਉਣਾ ਹੈ ਤਾਂ ਇਹ ਬਾਹਰ ਜਾ ਕੇ ਪਾਉਣ। ਸਾਡੇ ਜਵਾਕ ਸਰਟੀਫਿਕੇਟ ਨਾ ਮਿਲਣ ਕਰਕੇ ਅੱਜ ਖੁਦਕੁਸ਼ੀਆਂ ਕਰ ਰਹੇ ਹਨ। ਇਨ੍ਹਾਂ ਨੂੰ ਸਮਝਾ ਦੇਵੋ ਕਿ ਜਿਹੜਾ ਇਹ ਤਮਾਸ਼ਾ ਕਰ ਰਹੇ ਹਨ, ਇਹ ਸਦਨ ਤੋਂ ਬਾਹਰ ਜਾ ਕੇ ਕਰਨ। (ਵਿਘਨ)(ਸ਼ੋਰ) ਸਪੀਕਰ ਸਾਹਿਬ ਅੱਜ 93 ਪਰਸੈਂਟ ਬੱਚੇ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਹਨ। ਬਹੁਤਾਤ ਆਬਾਦੀ ਐਸ.ਸੀ. ਬੱਚਿਆਂ ਦੀ ਹੈ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਅੱਜ ਸਮੱਸਿਆ ਇਹ ਹੈ ਕਿ ਐਸ.ਸੀ. ਬੱਚਿਆਂ ਨੂੰ ਸਿਰਫ 10 ਮਹੀਨੇ ਵਜ਼ੀਫਾ ਮਿਲਦਾ ਹੈ। 11ਵਾਂ ਤੇ 12ਵਾਂ ਮਹੀਨਾ ਉਨ੍ਹਾਂ ਨੇ ਕਿਸ ਤਰ੍ਹਾਂ ਕੱਢਣਾ ਹੁੰਦਾ ਹੈ, ਇਹ ਇਨ੍ਹਾਂ ਤੋਂ ਪੁੱਛੋ ਜਿਹੜੇ ਪਾਲਿਸੀਆਂ ਬਣਾ ਕੇ ਗਏ ਹਨ। ਇਨ੍ਹਾਂ ਤੋਂ ਪੁੱਛੋ ਜਿਹੜੇ ਸਾਡੇ ਜਵਾਕਾਂ ਦਾ ਘਾਣ ਕਰਕੇ ਗਏ ਹਨ। ਜਦੋਂ ਵੀ ਅਸੀਂ ਗੱਲ ਕਰਦੇ ਹਾਂ ਕਿ ਸਾਡੇ ਐਸ.ਸੀ. ਬੱਚਿਆਂ ਦੀ ਸਕਾਲਰਸ਼ਿਪ ਬਾਰੇ ਗੱਲ ਕਰੋ ਤਾਂ ਇਹ ਇੱਥੇ ਖੜ੍ਹ ਕੇ ਗਿੱਧਾ ਪਾਉਂਦੇ ਹਨ। (ਵਿਘਨ)(ਸ਼ੋਰ) ਇਹ ਇੱਥੇ ਖੜ੍ਹ ਕੇ ਤਮਾਸ਼ਾ ਕਰਦੇ ਹਨ। 64 ਕਰੋੜ ਰੁਪਿਆ ਇਨ੍ਹਾਂ ਦਾ ਮੰਤਰੀ ਖਾ ਗਿਆ ਹੈ। ਉਦੋਂ ਕਹਿੰਦੇ ਸੀ ਕਿ ਸਾਡੀ ਤਾਂ ਕਲੀਨ ਚਿੱਟ ਹੈ, ਸਾਡੇ ਵੱਲੋਂ ਸਾਰਿਆਂ ਦੀ ਕਲੀਨ ਚਿੱਟ ਹੈ। ਸਪੀਕਰ ਸਾਹਿਬ, ਅੱਜ ਇੱਥੇ ਵਜ਼ੀਫਾ ਲੈਣ ਲਈ ਆਮਦਨ ਸਰਟੀਫਿਕੇਟ ਦੀ ਲੋੜ ਪੈਂਦੀ ਹੈ। ਸਾਡੇ ਜਵਾਕਾਂ ਦੇ ਲਈ ਇੱਕ ਬਹੁਤ ਹੀ ਵੱਡੀ ਮੁਸੀਬਤ ਦਾ ਕਾਰਨ ਬਣ ਜਾਂਦਾ ਹੈ। ਉਨ੍ਹਾਂ ਦੇ ਮਾਪਿਆਂ ਨੂੰ ਆਪਣੀਆਂ ਦਿਹਾੜੀਆਂ ਛੱਡਣੀਆਂ ਪੈਂਦੀਆਂ ਹਨ। ਸਪੀਕਰ ਸਾਹਿਬ, ਜਿਹੜੇ ਮਜ਼ਦੂਰ ਨੂੰ ਇਨ੍ਹਾਂ ਦੀਆਂ ਬਣਾਈਆਂ ਪਾਲਿਸੀਆਂ ਕਰਕੇ ਆਪਣੀ ਦਿਹਾੜੀ ਆਪਣੇ ਜਵਾਕ ਦੇ ਸਰਟੀਫਿਕੇਟ ਬਣਾਉਣ ਲਈ ਅਤੇ ਵਜ਼ੀਫਾ ਲੈਣ ਲਈ ਛੱਡਣੀ ਪੈ ਗਈ, ਤੁਸੀਂ ਇਹ ਸੋਚੋ ਕਿ ਉਹ ਮਜ਼ਦੂਰ ਰਾਤ ਨੂੰ ਆਟਾ ਕਿੱਥੋਂ ਲੈ ਕੇ ਆਵੇਗਾ।

3.30/ਪ.ਸ਼/ਸ਼ੁ.ਜ

ਉਨ੍ਹਾਂ ਨੂੰ ਖਾਣ ਦਾ ਪ੍ਰਬੰਧ ਕਿੱਥੋਂ ਕਰੇਗਾ? ਸਪੀਕਰ ਸਾਹਿਬ, ਸਭ ਤੋਂ ਵੱਡੀ ਦੁੱਖ ਦੀ ਗੱਲ ਇਹ ਹੈ ਕਿ ਸਕੂਲਾਂ ਦੇ ਵਿੱਚ ਆਨ ਲਾਈਨ ਸਿਸਟਮ ਹੋਣ ਕਰਕੇ ਸਾਡੇ ਬੱਚਿਆਂ ਨੂੰ ਆਨ ਲਾਈਨ ਫਾਰਮ ਭਰਨੇ ਪੈਂਦੇ ਹਨ, ਕਈਆਂ ਨੂੰ ਆਨ ਲਾਈਨ ਸਿਸਟਮ ਬਾਰੇ ਜਾਣਕਾਰੀ ਨਹੀਂ ਹੈ। ਬਹੁਤ ਸਾਰੇ ਸਾਡੇ ਭਰਾ ਅਜਿਹੇ ਹਨ, ਜਿਨ੍ਹਾਂ ਨੂੰ ਆਨਲਾਈਨ ਸਿਸਟਮ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਅਧਿਆਪਕਾਂ ਤੇ ਵਾਧੂ ਬੋਝ ਹੋਣ ਕਰਕੇ ਉਹ ਇਸ ਪ੍ਰਾਸੈੱਸ ਦਾ ਹਿੱਸਾ ਨਹੀਂ ਬਣ ਸਕਦੇ। ਸਪੀਕਰ ਸਾਹਿਬ, ਇਸ ਕਰਕੇ ਸਾਨੂੰ ਇਸ ਸਿਸਟਮ ਤੇ ਥੋੜ੍ਹੀ ਜਿਹੀ ਛੋਟ ਦਿੱਤੀ ਜਾਵੇ। (ਸ਼ੋਰ) (ਵਿਘਨ)

**ਮਾਨਯੋਗ ਸਪੀਕਰ (ਆਪਣੀ ਚੇਅਰ ਤੋਂ ਖੜ੍ਹੇ ਹੋ ਕੇ ਸੰਬੋਧਨ ਕਰਦਿਆਂ) :** ਇੱਕ ਮਿੰਟ ਬੀਬੀ ਜੀ। ਮੈਂ ਬੇਨਤੀ ਕਰਦਾ ਹਾਂ ਕਿ ਸਦਨ ਦੀ ਮਰਿਆਦਾ ਹੁੰਦੀ ਹੈ ਕਿ ਜਦੋਂ ਸਪੀਕਰ ਉੱਠਦਾ ਹੈ ਤਾਂ ਸਾਰਿਆਂ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਨੂੰ ਬੈਠ ਜਾਣਾ ਚਾਹੀਦਾ ਹੈ। ਇਹ ਐਸ.ਸੀ. ਬੱਚਿਆਂ ਨਾਲ ਸਬੰਧਿਤ ਮਤਾ ਹੈ, ਗਰੀਬ ਬੱਚਿਆਂ ਦੀਆਂ ਸਮੱਸਿਆਵਾਂ ਨਾਲ ਸਬੰਧਤ ਮਤਾ ਹੈ, ਕਿਰਪਾ ਕਰਕੇ ਕਾਰਵਾਈ ਚਲਣ ਦਿਓ। ਗਰੀਬਾਂ ਨਾਲ ਧ੍ਰੋਹ ਨਾ ਕਮਾਇਆ ਜਾਵੇ। ਇਹ ਗਰੀਬ ਬੱਚਿਆਂ ਨਾਲ ਸਬੰਧਿਤ ਮਤਾ ਹੈ, ਕਿਰਪਾ ਕਰਕੇ ਇਸ ਕਾਰਵਾਈ ਨੂੰ ਚਲਣ ਦਿੱਤਾ ਜਾਵੇ। ਹਾਂ ਜੀ ਬੀਬੀ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਸਪੀਕਰ ਸਾਹਿਬ, ਇਨ੍ਹਾਂ ਨੂੰ ਐਨਾ ਹੀ ਪੁੱਛ ਲਿਆ ਜਾਵੇ ਕਿ ਇਹ ਗਿੱਧਾ ਕਿਹੜੀ ਗੱਲ ਦਾ ਪਾ ਰਹੇ ਹਨ। ਇਨ੍ਹਾਂ ਦੇ ਰਾਜ ਦੇ ਵਿੱਚ ਸਾਢੇ ਚਾਰ ਲੱਖ ਬੱਚੇ ਸਰਟੀਫਿਕੇਟਾਂ ਤੋਂ ਵਾਂਝੇ ਹੋ ਗਏ। ਕਿੰਨੇ ਮਾਪਿਆਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਸ਼ਰਮ ਕਰੋ। ਤੁਹਾਡੇ ਸਾਲ 2016 ਤੋਂ ਸਾਲ 2020 ਦੇ ਰਾਜ ਵਿੱਚ ਬੱਚਿਆਂ ਦਾ ਵਜ਼ੀਫਾ ਨਹੀਂ ਆਇਆ। ਤੁਹਾਡਾ ਇੱਕ ਮੰਤਰੀ ਪੈਸੇ ਖਾ ਗਿਆ। ਤੁਹਾਡਾ ਇੱਕ ਬੀ.ਜੇ.ਪੀ ਦਾ ਆਗੂ, ਜਿਹੜਾ ਤੁਸੀਂ ਮੁੱਖ ਮੰਤਰੀ ਬਣਾ ਕੇ ਬਿਠਾਇਆ ਸੀ, ਉਸ ਆਗੂ ਨੇ ਸ਼ਰ੍ਹੇਆਮ ਕਿਹਾ ਕਿ ਮੇਰੇ ਵੱਲੋਂ ਤਾਂ ਸਾਰੀ ਕਲੀਨ ਚਿੱਟ ਹੈ। ਜਿਹੜੇ ਮੰਤਰੀ ਨੇ ਪੈਸਾ ਖਾਧਾ ਸੀ, ਉਹ ਕਹਿੰਦਾ ਸੀ ਕਿ ਮੈਂ ਤਾਂ ਆਪਣੇ ਮਾਲਕ ਦੇ ਖੇਤ ਦਾ ਸੀਰੀ ਹਾਂ। ਸਪੀਕਰ ਸਾਹਿਬ, ਇਹ ਤੁਹਾਨੂੰ ਵੀ ਪਤਾ ਹੈ ਕਿ ਸੀਰੀ ਤਾਂ ਇੱਕ ਗੰਨਾ ਨਹੀਂ ਪੱਟ ਸਕਦਾ। ਇਸ ਦਾ ਮਤਲਬ ਦਾਲ ਸ਼ੁਰੂ ਤੋਂ ਹੀ ਕਾਲੀ ਸੀ। ਇਨ੍ਹਾਂ ਨੂੰ ਇੱਕ ਗੱਲ ਪੁੱਛ ਲਓ ਕਿ ਉਦੋਂ ਤੁਹਾਡੀਆਂ ਜ਼ਬਾਨਾਂ ਕਿੱਥੇ ਸੀ, ਜਦੋਂ ਪੂਰੇ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਮਰਨ ਵਰਤ ਤੇ ਬੈਠੀ ਸੀ, ਭੁੱਖ ਹੜਤਾਲਾਂ ਤੇ ਬੈਠੀ ਸੀ। ਮੇਰੇ ਸਾਰੇ ਪੰਜਾਬ ਦੇ ਸਾਥੀ ਭੁੱਖ ਹੜਤਾਲ ਤੇ ਬੈਠੇ ਸਨ। ਮੈਂ ਖੁੱਦ ਜਲੰਧਰ ਲੁਧਿਆਣਾ ਬਾਈਪਾਸ ਤੇ ਤਿੰਨ ਦਿਨ ਮਰਨ ਵਰਤ ਤੇ ਬੈਠੀ ਰਹੀ।

ਸਪੀਕਰ ਸਾਹਿਬ, ਅਖੌਤੀ ਦਰਦ ਕਹਾਉਣ ਵਾਲੇ ਇਨ੍ਹਾਂ ਨੂੰ ਪੁੱਛੋ ਕਿ ਉੱਦੋਂ ਤੁਹਾਡਾ ਦਰਦ ਕਿੱਥੇ ਗਿਆ ਸੀ ਜਦੋਂ ਸਾਲ 2016 ਤੋਂ ਲੈ ਕੇ 2020 ਤੱਕ 04 ਲੱਖ ਬੱਚਾ ਇਨ੍ਹਾਂ ਚਾਰ ਸਾਲਾਂ ਵਿੱਚ ਪੜ੍ਹਾਈ ਛੱਡ ਗਿਆ। ਲੀਡਰ ਆਫ ਆਪੋਜ਼ੀਸ਼ਨ, ਤੁਸੀਂ ਕਰ ਲਓ ਜਿਹੜੀ ਸਿਆਸਤ ਕਰਨੀ ਹੈ ਪਰ ਇਸ ਗੱਲ ਦਾ ਜਵਾਬ ਸਦਨ ਵਿੱਚ ਦੇ ਕੇ ਜਾਓ ਕਿ ਤੁਸੀਂ ਆਪਣੇ ਰਾਜ ਦੇ ਵਿੱਚ ਸੀਅ ਕਿਉਂ ਨਹੀਂ ਕਹੀ। ਉਦੋਂ ਕਿਉਂ ਨਹੀਂ ਸੋਚਿਆ ਕਿ ਇਨ੍ਹਾਂ ਬੱਚਿਆਂ ਤੋਂ ਵੋਟਾਂ ਅਸੀਂ ਲੈਣੀਆਂ ਹਨ, ਇਨ੍ਹਾਂ ਦੇ ਮਾਪਿਆਂ ਤੋਂ ਲੈਣੀਆਂ ਹਨ। ਸੁਖਜਿੰਦਰ ਸਿੰਘ ਰੰਧਾਵਾ ਜੀ, ਤੁਸੀਂ ਵੀ ਉਦੋਂ ਇੱਥੇ ਬੈਠੇ ਸੀ। ਸਾਡੇ ਖਹਿਰਾ ਸਾਹਿਬ ਵੀ ਬੈਠੇ ਹੋਏ ਸਨ। ਰਾਜਾ ਵੜਿੰਗ ਜੀ, ਮੰਤਰੀ ਮੰਡਲ ਦਾ ਤੁਸੀਂ ਵੀ ਹਿੱਸਾ ਸੀ। ਇਹ ਜਿੰਨੇ ਵੀ ਇੱਥੇ ਬੈਠੇ ਹਨ, ਇਹ ਕਿਸੇ ਨਾ ਕਿਸੇ ਮੰਤਰੀ ਮੰਡਲ ਦਾ ਪਾਰਟ ਸਨ। ਮੈਂ ਅੱਜ ਚੈਨਲਜ਼ ਵਾਲਿਆਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਨ੍ਹਾਂ ਤੋਂ ਪੁੱਛੋ ਤੁਹਾਡੇ ਰਾਜ ਦੇ ਵਿੱਚ ਚਾਰ ਲੱਖ ਬੱਚਾ ਕਿਵੇਂ ਪੜ੍ਹਾਈ ਛੱਡ ਗਿਆ; ਸਰਟੀਫਿਕੇਟ ਕਿਉਂ ਨਹੀਂ ਮਿਲੇ; ਤੁਸੀਂ ਆਡਿਟ ਕਿਉਂ ਨਹੀਂ ਕਰਵਾਇਆ? ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦੀ ਹਾਂ ਕਿ ਸਰਟੀਫਿਕੇਟ ਕਿਉਂ ਨਹੀਂ ਮਿਲੇ। ਸਪੀਕਰ ਸਾਹਿਬ, ਇਹ ਤਾਂ ਨਹੀਂ ਮਿਲੇ ਕਿਉਂਕਿ ਇਨ੍ਹਾਂ ਨੇ ਜਿਹੜੇ ਬੱਚਿਆਂ ਦਾ 1600 ਕਰੋੜ ਰੁਪਿਆ ਦੇਣਾ ਸੀ, ਆਪਰੇਸ਼ਨ ਲੋਟਸ ਦੇ ਵਿੱਚ 07-08 ਹਜ਼ਾਰ ਕਰੋੜ ਰੁਪਿਆ ਖਰਚ ਦਿੱਤਾ। ਕਿਸੇ ਗਰੀਬ ਦਾ ਬੱਚਾ ਮਰਦਾ ਹੈ ਤਾਂ ਮਰੇ, ਇਨ੍ਹਾਂ ਨੇ ਕੀ ਲੈਣਾ ਹੈ? ਸਪੀਕਰ ਸਾਹਿਬ, ਇਨ੍ਹਾਂ ਦੀ ਕਾਂਗਰਸ ਪਾਰਟੀ ਦਾ ਇੱਕ ਵੀ ਮੰਤਰੀ ਜਾਂ ਐਮ.ਐਲ.ਏ ਦੱਸ ਦਿਓ, ਜਿਹੜੇ ਬੱਚਿਆਂ ਨੂੰ ਵਜ਼ੀਫੇ ਜਾਂ ਸਰਟੀਫਿਕੇਟ ਨਹੀਂ ਮਿਲ ਰਹੇ ਸਨ, ਕੀ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਦੀ ਬਾਂਹ ਫੜੀ? ਅਕਾਲੀਆਂ ਦੇ ਸਮੇਂ ਇਹ ਕਹਿੰਦੇ ਸਨ ਕਿ ਅਸੀਂ ਇੰਨਾ ਵੱਡਾ ਘੁਟਾਲਾ ਕੱਢ ਕੇ ਲਿਆਂਵਾਗੇ, ਆਡਿਟ ਕਰਾਂਵਾਗੇ, ਇਹ ਸਾਡੇ ਪੰਜਾਬ ਦੀ ਤ੍ਰਾਸਦੀ ਹੈ ਕਿ 10 ਸਾਲ ਤਾਂ ਅਕਾਲੀ-ਬੀ.ਜੇ.ਪੀ. ਰਾਜ ਕਰ ਗਏ ਅਤੇ 10 ਸਾਲ ਬਾਅਦ ਜਦੋਂ ਲੋਕਾਂ ਨੇ ਬਦਲ ਕੇ ਕਾਂਗਰਸ ਪਾਰਟੀ ਲਿਆਂਦੀ ਤਾਂ ਸੋਚਿਆ ਕਿ ਕੈਪਟਨ ਗੁੱਡ ਗਵਰਨੈਂਸ ਕਰੇਗਾ।

**3.35/ਜਸਪਾਲ/ਸੁਭਮ/29.9.22**

ਪਰ ਸਪੀਕਰ ਸਾਹਿਬ, ਬੜੇ ਸ਼ਰਮ ਦੀ ਗੱਲ ਹੈ, ਪਤਾ ਉਦੋਂ ਲੱਗਿਆ ਕਿ ਬੀ.ਜੇ.ਪੀ., ਕਾਂਗਰਸ ਵੀ ਰਾਜ ਕਰ ਗਈ, ਬਦਲਿਆ ਕੁਝ ਨਹੀਂ।(ਵਿਘਨ) ਇਨ੍ਹਾਂ ਵਿੱਚ ਜਿਹੜੇ ਲੋਕਾਂ ਨੂੰ ਲੁੱਟਣ ਵਾਲੇ ਸੀ, ਅੱਜ ਇਹ ਜਿਹੜੇ ਇਥੇ ਗਿੱਧੇ ਪਾ ਰਹੇ ਹਨ ਲੇਕਿਨ ਇਹ ਬਾਹਰ ਜੇ ਕੇ ਕਹਿੰਦੇ ਹਨ ਕਿ ਅਸੀਂ ਸੈਸ਼ਨ ਦਾ ਸਮਾਂ ਬਚਾਉਣਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਮੈਨੂੰ ਇਨ੍ਹਾਂ ਤੋਂ ਇੱਕ ਗੱਲ ਹੀ ਪੁੱਛ ਕੇ ਦੱਸ ਦਿਉ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ ।)

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਇਨ੍ਹਾਂ ਤੋਂ ਇਕ ਗੱਲ ਹੀ ਪੁੱਛ ਕੇ ਦੱਸ ਦਿਉ ਕਿ ਸੈਸ਼ਨ ਦੇ ਅੰਦਰ ਗਿੱਧਾ ਪਾ ਕੇ ਕਿਹੜਾ ਸਮਾਂ ਬਚਾਉਣਾ ਚਾਹੁੰਦੇ ਹੋ? ਜੇ ਪ੍ਰੋਗਰਾਮ ਹੀ ਲਗਾਉਣੇ ਹਨ ਤਾਂ ਕਿਤੇ ਹੋਰ ਜਗ੍ਹਾ ਜਾ ਕੇ ਲਗਾ ਲਵੋ। (ਵਿਘਨ) ਇੱਥੇ ਲੋਕਾਂ ਦੀ ਗੱਲ ਹੋਵੇਗੀ, ਲੋਕਾਂ ਦੇ ਮੁੱਦਿਆਂ ਦੀ ਗੱਲ ਹੋਵੇਗੀ। (ਵਿਘਨ) ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਆਪਾਂ ਨੂੰ ਇਹ ਬਿਲਕੁਲ ਐਸ.ਸੀ.ਸ਼ਕਾਲਰਸ਼ਿਪ ਦੀ ਗੱਲ ਹੈ, (ਵਿਘਨ) ਜੇ ਤੁਸੀਂ ਬੈਠ ਕੇ ਗੱਲ ਸੁਣਨਾ ਚਾਹੁੰਦੇ ਹੋ ਤਾਂ ਬੈਠ ਜਾਉ। ਅਸੀਂ ਵੀ ਇਨ੍ਹਾਂ ਨੂੰ ਕਹਿੰਦੇ ਹਾਂ ਕਿ ਜੇ ਤੁਹਾਨੂੰ ਦਲਿਤਾਂ ਦਾ ਦਰਦ ਨਹੀਂ, ਗਰੀਬਾਂ ਦਾ ਦਰਦ ਨਹੀਂ ਤਾਂ ਤੁਹਾਨੂੰ ਲੋਕਾਂ ਨੇ ਤੁਹਾਨੂੰ ਸਹੀ ਜਗ੍ਹਾ ਉਤੇ ਭੇਜਿਆ ਹੈ, ਅਗਲੀ ਵਾਰੀ ਇਥੇ ਵੀ ਨਹੀਂ ਰਹਿਣਾ ਕਿਸੇ ਨੇ। ਸਪੀਕਰ ਸਾਹਿਬ, ਇਨ੍ਹਾਂ ਨੂੰ ਇੱਕ ਗੱਲ ਸਮਝਾ ਦਿਉ। (ਵਿਘਨ(ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੂੰ ਇੱਕ ਗੱਲ ਸਮਝਾ ਦਿਉ ਕਿ ਪੂਰੇ ਭਾਰਤ ਵਿਚ ਇਨ੍ਹਾਂ ਦੀ ਸਰਕਾਰ ਨੇ ਜਿਹੜੇ ਬੱਚਿਆਂ ਨੂੰ ਵਜ਼ੀਫਾ ਦੇਣਾ ਸੀ ਉਨ੍ਹਾਂ ਦੀ ਥਾਂ ਜਿਹੜਾ ਖਰੀਦੋ ਫਰੋਖਤ ਦਾ ਰਵੱਈਆ ਚਲਾ ਚੁੱਕੀ ਹੈ। ਮੈਂ ਅੱਜ ਪੂਰੇ ਪੰਜਾਬ ਨੂੰ ਇਹ ਗੱਲ ਦੱਸਣਾ ਚਾਹੁੰਦੀ ਹਾਂ ਕਿ 2016 ਤੋਂ ਲੈ ਕੇ 2020 ਤੱਕ ਇਨ੍ਹਾਂ ਦੇ ਐਮ.ਐਲ.ਏ., ਸੱਤ ਤੋਂ ਅੱਠ ਹਜ਼ਾਰ ਕਰੋੜ ਰੁਪਏ ਵਿਚ ਵਿਕੇ, ਇਸ ਦੇ ਲਈ ਕਿਉਂ ਸੀ.ਬੀ.ਆਈ. ਚੁੱਪ ਰਹੀ? ਕਿਉਂ ਈ.ਡੀ. ਚੁੱਪ ਰਹੀ? ਉਹ ਸਿਰਫ ਤੇ ਸਿਰਫ ਤਾਂ ਚੁੱਪ ਰਹੀ ਕਿਉਂਕਿ ਗਰੀਬਾਂ ਦੀ ਕਿਹੜੇ ਕੋਈ ਸੋਚ ਹੁੰਦੀ ਹੈ, ਗਰੀਬਾਂ ਦੀ ਕਿਹੜੀ ਵੋਟ ਹੁੰਦੀ ਹੈ (ਥੰਪਿੰਗ) ਮਾਨਯੋਗ ਸਪੀਕਰ ਸਾਹਿਬ, ਅੱਜ ਜਿਥੇ ਸੰਵਿਧਾਨ ਨੂੰ ਖਤਰਾ ਹੈ, ਉਥੇ ਸਰਕਾਰਾਂ ਦੀਆਂ ਸੁਰੱਖਿਆ ਨੂੰ ਵੱਡਾ ਖਤਰਾ ਹੈ ਅਤੇ ਜਿਥੇ ਸਾਡੇ ਜੁਆਕ ਅੱਜ ਪੜ੍ਹਾਈ ਲਈ ਤਰਸਦੇ ਹਨ।

*3.36 ਵਜੇ ਬਾਅਦ ਦੁਪਹਿਰ) (ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਮੈਨੂੰ ਇੱਕ ਮਿੰਟ ਦਿਉ ਜੀ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ।) ਤੁਸੀਂ ਵੀਰ ਜੀ, ਮੈਨੂੰ ਇੱਕ ਮਿੰਟ ਦਿਉ। (ਵਿਘਨ) ਬਾਜਵਾ ਸਾਹਿਬ, ਮੈਂ ਤੁਹਾਡਾ ਬਹੁਤ ਸਤਿਕਾਰ ਕਰਦਾ ਹਾਂ। (ਵਿਘਨ)(ਸ਼ੋਰ) ਇੱਕ ਸੈਕਿੰਡ ਦਿਉ। ਮੈਂ ਕੁਝ ਬੋਲਾਂ ਜੀ ਪਹਿਲਾਂ, ਮੈਂ ਕੁਝ ਬੋਲਾਂ ਜੀ ਪਹਿਲਾਂ। (ਵਿਘਨ) (ਸ਼ੋਰ)

ਇਸ ਸਦਨ ਦੇ ਸਤਿਕਾਰਯੋਗ ਸਮੂਹ ਮੈਂਬਰ ਸਾਹਿਬਾਨ, ਅੱਜ ਇਸ ਪਵਿੱਤਰ ਸਦਨ ਵਿੱਚ ਇਸ ਕੁਰਸੀ ਤੇ ਬੈਠਦਿਆਂ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਪਾਵਨ ਗੁਰਬਾਣੀ ਦੀ ਇਹ ਪੰਕਤੀ ਮੇਰੇ ਸਾਹਮਣੇ ਆ ਰਹੀ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥(ਥੰਪਿੰਗ)

ਮੈਂ ਇਸ ਸੁਨਹਿਰੇ ਪੰਜਾਬ ਦੇ ਬਹਾਦਰ ਸੂਰਬੀਰ ਲੋਕਾਂ ਦਾ ਨਿਮਾਣਾ ਜਿਹਾ ਸੇਵਕ ਹਾਂ ਪਰ ਉਸ ਅਕਾਲ ਪੁਰਖ ਦੀ ਕਿਰਪਾ ਨਾਲ ਮੇਰੀ ਪਾਰਟੀ ਦੇ ਕੌਮੀ ਕਨਵੀਨਰ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ ਅਤੇ ਸਮੂਹ ਮੈਂਬਰ ਸਾਹਿਬਾਨ ਨੇ ਮੈਨੂੰ ਇਸ ਬੜੇ ਹੀ ਸਤਿਕਾਰਤ ਅਹੁਦੇ ਦੀ ਜ਼ਿੰਮੇਵਾਰੀ ਬਖਸ਼ਸ਼ ਕੀਤੀ ਹੈ । ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਗੁਰਬਾਣੀ ਦੀਆਂ ਪੰਕਤੀਆਂ ਸਾਹਮਣੇ ਆ ਰਹੀਆਂ ਹਨ :

ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥

ਮੇਰੀ ਕੋਸ਼ਿਸ਼ ਰਹੇਗੀ ਕਿ ਮੈਂ ਸਾਰੇ ਸਦਨ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਤੇ ਸਾਰੇ ਮੈਂਬਰ ਸਾਹਿਬਾਨ ਦਾ ਸਹਿਯੋਗ ਲੈਂਦਿਆਂ ਇਸ ਹਾਊਸ ਨੂੰ ਚਲਾਉਣ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਇਸ ਸਦਨ ਦੀ ਗਰਿਮਾ ਵੀ ਕਾਇਮ ਰਹਿ ਸਕੇ ਅਤੇ ਜਿਸ ਕੰਮ ਲਈ ਪੰਜਾਬ ਵਾਸੀਆਂ ਨੇ ਸਾਨੂੰ ਇੱਥੇ ਭੇਜਿਆ ਹੈ, ਉਨ੍ਹਾਂ ਦੇ ਹੱਕਾਂ ਦੀ ਤਰਜਮਾਨੀ ਕਰਦਿਆਂ ਯੋਗ ਤੇ ਉਸਾਰੂ ਫੈਸਲੇ ਲੈ ਸਕੀਏ । ਬਹੁਤ ਬਹੁਤ ਧੰਨਵਾਦ । ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਮੇਰੀ ਸਮੂਹ ਮੈਂਬਰ ਸਾਹਿਬਾਨ ਜੋ ਵੈੱਲ ਆਫ ਦਿ ਹਾਊਸ ਵਿਚ ਆਏ ਹਨ, ਸਾਰਿਆਂ ਨੂੰ ਮੇਰੀ ਪ੍ਰਾਰਥਨਾ ਹੈ ਕਿ ਅੱਜ ਕਿਰਪਾ ਕਰਕੇ ਆਪਣੀ ਸੀਟ ਤੇ ਜਾਈਏ ਤੇ ਆਪਾਂ ਬਿਲਕੁਲ ਤੁਹਾਨੂੰ ਮੌਕਾ ਦਿਆਂਗੇ। ਆਓ ਜੀ, ਤੁਸੀਂ ਆਪਣੀਆਂ ਸੀਟਾਂ ਤੇ ਬੈਠੋ ਤਾਂ ਗੱਲ ਕਰਦੇ ਹਾਂ। ਤੁਸੀਂ ਆਪਣੀਆਂ ਸੀਟਾਂ ਉਤੇ ਆਉ। (ਵਿਘਨ) ਸੀਟਾਂ ਉਤੇ ਆਉ। (ਵਿਘਨ) (ਸ਼ੋਰ) ਸੀਟਾਂ ਉਤੇ ਆਉ।

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ, ਮਾਨਯੋਗ ਡਿਪਟੀ ਸਪੀਕਰ ਸਾਹਿਬ ਨਾਲ ਸਦਨ ਵਿੱਚ ਅੱਜ ਵਾਪਰੀ ਘਟਨਾ ਬਾਰੇ ਗੱਲ ਕਰ ਰਹੇ ਸਨ।)

ਬ.ਕ./ਅ.ਗ/29.9.22/3.40

**ਮਾਨਯੋਗ ਡਿਪਟੀ ਸਪੀਕਰ** : ਮੈਂ ਚਾਹੁੰਦਾ ਹਾਂ (ਵਿਘਨ, ਸ਼ੋਰ) ਮੇਰੀ ਤੁਹਾਨੂੰ ਪ੍ਰਾਰਥਨਾ ਹੈ ਕਿ ਤੁਸੀਂ ਜਿਹੜੀ ਗੱਲ ਕਰ ਰਹੇ ਹੋ, ਇਹ ਮਾਈਕ ਤੇ ਜਾ ਕੇ ਕਰੋ। ਤੁਹਾਨੂੰ ਜਵਾਬ ਦਿੰਦੇ ਹਾਂ ਅਤੇ ਤੁਹਾਡੇ ਨਾਲ ਗੱਲ ਕਰਦੇ ਹਾਂ। ਤੁਸੀਂ ਮਾਈਕ ਤੇ ਆਓ। (ਵਿਘਨ, ਸ਼ੋਰ) ਮੇਰੀ ਬਾਕੀ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਬੈਠ ਜਾਓ।(ਵਿਘਨ, ਸ਼ੋਰ) ਬੈਠੋ, ਸਾਰੇ ਬੈਠੋ।(ਵਿਘਨ, ਸ਼ੋਰ) ਮੇਰੀ ਆਪ ਜੀ ਨੂੰ ਪ੍ਰਾਰਥਨਾ ਹੈ ਆਪਣੀਆਂ ਸੀਟਾਂ ਤੇ ਆਓ ਅਤੇ ਮਾਈਕ ਅੱਗੇ ਗੱਲ ਕਰੋ।(ਵਿਘਨ, ਸ਼ੋਰ) ਮੇਰੀ ਬੇਨਤੀ ਸੁਣੋ। ਪਹਿਲਾਂ ਤੁਸੀਂ ਆਪਸ ਵਿੱਚ ਸਲਾਹ ਕਰੋ ਕਿ ਕਿਸ ਨੇ ਐਡਰੈੱਸ ਕਰਨਾ ਹੈ?(ਵਿਘਨ, ਸ਼ੋਰ) ਆਓ, ਸੀਟਾਂ ਤੇ ਆਓ। ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਸਾਰੇ ਆਪਣੀਆਂ ਸੀਟਾਂ ਤੇ ਬੈਠੋ। ਸਾਰੇ ਆਓ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਚਲੇ ਗਏ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਡਿਪਟੀ ਸਪੀਕਰ ਸਾਹਿਬ, ਅਸੀਂ ਤੁਹਾਡੀ ਬਹੁਤ ਕਦਰ ਕਰਦੇ ਹਾਂ। ਤੁਸੀਂ ਨੇਕ ਆਦਮੀ ਹੋ ਅਤੇ ਗੁਰੂ ਮਹਾਰਾਜ ਸਾਹਿਬ ਦੀ ਬਾਣੀ ਨੂੰ ਕੋਟ ਕੀਤਾ ਹੈ। ਤੁਸੀਂ ਸ਼ਹੀਦੇ ਆਜ਼ਮ ਦੇ ਜ਼ਿਲ੍ਹੇ ਨੂੰ ਬਿਲੌਂਗ ਕਰਦੇ ਹੋ। ਕੱਲ੍ਹ ਵੀ ਉਥੋਂ ਹੋ ਕੇ ਆਏ ਹੋ, ਮੱਥਾ ਟੇਕ ਕੇ ਆਏ ਹੋ ਅਤੇ ਸਾਰੇ ਦੇਸ਼ ਨੂੰ, ਨੌਜਵਾਨਾਂ ਨੂੰ ਐਸ਼ੋਰੈਂਸ ਦੇ ਕੇ ਆਏ ਹੋ ਅਤੇ ਉਨ੍ਹਾਂ ਦੇ ਰਸਤੇ ਤੇ ਚੱਲਣ ਨੂੰ ਸਾਰਿਆਂ ਨੂੰ ਸਹੁੰ ਪੁਆ ਕੇ ਆਏ ਹੋ। ਸਾਰਿਆਂ ਤੋਂ ਪਹਿਲਾਂ ਜਿਹੜਾ ਤੁਹਾਡਾ ਮੰਤਰੀ ਕੁਰੱਪਸ਼ਨ ਦੇ ਚਾਰਜ਼ਿਜ਼....(ਵਿਘਨ, ਸ਼ੋਰ) ਸਾਨੂੰ ਇਸ ਮੁੱਦੇ ਤੇ ਬਹਿਸ ਕਰਾਉਣ ਦੀ ਐਸ਼ੋਰੈਂਸ ਦੇ ਦਿਓ। ਫੇਰ ਅਸੀਂ ਬੈਠਣ ਨੂੰ ਤਿਆਰ ਹਾਂ। ਮੈਂ ਆਪ ਆਪਣੇ ਸਾਥੀਆਂ ਨੂੰ ਬੇਨਤੀ ਕਰਾਂਗਾ। ਜੇ ਤੁਸੀਂ ਐਸ਼ੋਰੈਂਸ ਦਿੰਦੇ ਹੋ ਕਿ ਫੌਜਾ ਸਿੰਘ ਸਰਾਰੀ ਦੇ ਖਿਲਾਫ ਬਹਿਸ ਕਰਾਉਣ ਨੂੰ ਤਿਆਰ ਹੋ ਫੇਰ ਅਸੀਂ ਆਪਣੀਆਂ ਸੀਟਾਂ ਤੇ ਬੈਠਣ ਨੂੰ ਤਿਆਰ ਹਾਂ ਪਰੰਤੂ ਜੇਕਰ ਨਹੀਂ ਤਾਂ....(ਵਿਘਨ, ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਇਹ ਗੱਲ ਕੀਤੀ ਸੀ ਕਿ ਜ਼ੀਰੋ ਆਵਰ ਵਿੱਚ ਮੁੱਦਾ ਚੁੱਕਣਾ ਹੈ, ਤੁਸੀਂ ਆਪਣਾ ਮੁੱਦਾ ਦੱਸ ਦਿੱਤਾ, ਤੁਹਾਡੀ ਗੱਲ ਆ ਗਈ ਹੁਣ ਕਿਰਪਾ ਕਰਕੇ ਪੰਜਾਬ ਵਿੱਚ ਐਸ.ਸੀ ਸਕਾਲਰਸ਼ਿਪ ਬਾਰੇ ਐਸ.ਸੀ ਬੱਚਿਆਂ ਨਾਲ ਧੱਕਾ ਹੋਇਆ ਹੈ, ਉਸ ਮਤੇ ਤੇ ਗੱਲ ਚੱਲ ਰਹੀ ਹੈ, ਉਹ ਅਸੀਂ ਚੱਲਣ ਦੇਈਏ। (ਵਿਘਨ, ਸ਼ੋਰ) ਐਸ.ਸੀ ਬੱਚਿਆਂ ਦੀ ਸਕਾਲਰਸ਼ਿਪ ਬਾਰੇ ਗੱਲ ਚੱਲ ਰਹੀ ਹੈ, ਪੰਜਾਬ ਦੇ ਬੱਚੇ ਅੱਜ ਵੀ ਸੜਕਾਂ

ਤੇ ਹਨ। ਐਸ.ਸੀ ਸਕਾਲਰਸ਼ਿਪ ਦੇ ਮੁੱਦੇ ਤੇ ਗੱਲ ਚੱਲ ਰਹੀ ਹੈ।(ਵਿਘਨ, ਸ਼ੋਰ) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਜੀ ਇਸ ਮੁੱਦੇ ਤੇ ਗੱਲ ਕਰ ਰਹੇ ਸੀ।(ਵਿਘਨ, ਸ਼ੋਰ) ਬਾਕੀ ਸਾਰੇ ਬੈਠੋ। ਹਾਂ ਜੀ, ਅਰੋੜਾ ਜੀ, ਤੁਸੀਂ ਬੋਲੋ।

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੈਂਬਰ ਡਾਕਟਰ ਨਛੱਤਰ ਪਾਲ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਸੂਚਨਾ ਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ)** : ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਦੋਂ ਸੈਸ਼ਨ ਵਧਾਇਆ ਗਿਆ ਸੀ ਤਾਂ ਇਸ ਕਰਕੇ ਵਧਾਇਆ ਗਿਆ ਸੀ ਕਿਉਂਕਿ ਆਪੋਜ਼ੀਸ਼ਨ ਨੇ ਕਿਹਾ ਸੀ ਕਿ ਲੋਕਾਂ ਦੇ ਮੁੱਦੇ-ਮਸਲੇ ਅਸੀਂ ਡਿਸਕਸ ਕਰਨੇ ਹਨ। ਆਪੋਜ਼ੀਸ਼ਨ ਦੇ ਕਹਿਣ ਤੇ ਵਧਾਇਆ ਗਿਆ ਸੀ ਪਰ ਹੁਣ ਸਾਰੀਆਂ ਗੱਲਾਂ ਬਾਅਦ ਵਿੱਚ ਹੋ ਗਈਆਂ ਅਤੇ ਬਾਜਵਾ ਸਾਹਿਬ, ਜਿਨ੍ਹਾਂ ਨੇ ਪਾਰਲੀਮੈਂਟ ਵਿੱਚ ਸਾਰੀਆਂ ਉਮਰਾਂ ਲੰਘਾ ਦਿੱਤੀਆਂ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਇਨ੍ਹਾਂ ਦਾ ਜਿਹੋ ਜਿਹਾ ਕੰਡਕਟ ਹੈ, ਇਹ ਸਾਨੂੰ ਕੁਝ ਕਹਿ ਲੈਣ ਅਸੀਂ ਸੁਣ ਲਵਾਂਗੇ ਪਰ ਸਪੀਕਰ ਨੂੰ, ਚੇਅਰ ਨੂੰ ਕਦੇ ਇਹ ** ਸਪੀਕਰ ਕਹਿੰਦੇ ਹਨ ਅਤੇ ਕਦੇ ** ਸਪੀਕਰ ਕਹਿੰਦੇ ਹਨ।(ਵਿਘਨ, ਸ਼ੋਰ) ਕਦੇ ਇਹ ** ਸਪੀਕਰ ਕਹਿੰਦੇ ਹਨ, ਕਦੇ ਕਹਿੰਦੇ ਹਨ ਕਿ ਸਪੀਕਰ ਭੱਜ ਗਿਆ।(ਵਿਘਨ, ਸ਼ੋਰ) ਡਿਪਟੀ ਸਪੀਕਰ ਸਾਹਿਬ, ਅਸੀਂ ਆਪਣੇ ਖਿਲਾਫ ਤਾਂ ਸੁਣ ਸਕਦੇ ਹਾਂ ਪਰ ਪੰਜਾਬ ਦੇ ਖਿਲਾਫ ਨਹੀਂ ਸੁਣ ਸਕਦੇ।

ਕਕ / ਅਗ 29.9.2022 3.45

ਇਹ ਪੰਜਾਬ ਨੂੰ ਲੁੱਟ ਕੇ ਖਾ ਗਏ । ਜੇ ਇਹ ਇਸ ਪਵਿੱਤਰ ਸਦਨ ਦੀ ਇਸ ਚੇਅਰ ਬਾਰੇ ਕੁਝ ਗਲਤ ਕਹਿਣਗੇ, ਇਸ ਚੇਅਰ ਦੀ ਸ਼ਾਨ ਦੀ ਖਿਲਾਫ ਕਹਿਣਗੇ ਤਾਂ ਸਾਨੂੰ ਬਿਲਕੁਲ ਮਨਜ਼ੂਰ ਨਹੀਂ ਹੈ। ਸਰ, ਇਨ੍ਹਾਂ ਨੂੰ ਕਹੋ ਕਿ ਕੰਨ ਫੜ ਕੇ ਮੁਆਫੀ ਮੰਗਣ, ਫਿਰ ਹੀ ਹਾਊਸ ਦੀ ਪ੍ਰੋਸਿਡਿੰਗ ਚੱਲੇਗੀ। ਸਰ, ਸਪੀਕਰ ਦੀ ਚੇਅਰ ਨੂੰ ਕਦੇ ਕਹਿੰਦੇ ਹਨ **, ਕਦੇ ਕਹਿੰਦੇ ਹਨ **, ਕਦੇ ਕਹਿੰਦੇ ਹਨ ** **। ਸਰ, ਸਾਨੂੰ ਇਹ ਐਕਸੈਪਟੇਬਲ ਨਹੀਂ ਹੈ। ਇਹ ਸਾਡਾ ਸਬਰ ਹੈ ਕਿ ਅਸੀਂ ਇਨ੍ਹਾਂ ਖਿਲਾਫ ਅਜੇ ਪ੍ਰਿਵਿਲੇਜ਼ ਮੋਸ਼ਨ ਮੂਵ ਨਹੀਂ ਕਰ ਰਹੇ। (ਵਿਘਨ)(ਸ਼ੋਰ) ਸਰ, ਇਹ ਤੁਹਾਡਾ ਸਬਰ ਹੈ ਕਿ ਤੁਸੀਂ ਇਨ੍ਹਾਂ ਨੂੰ ਨੇਮ ਕਰਕੇ ਚੁੱਕ ਕੇ ਬਾਹਰ ਨਹੀਂ ਸੁਟਵਾ ਰਹੇ। ਸਰ, ਇਸ ਦਾ ਇਹ ਮਤਲਬ ਨਹੀਂ ਹੈ ਕਿ ਇਹ ਇਸ ਸਦਨ ਦੀ ਸਭ ਤੋਂ ਪਾਕ ਤੇ ਪਵਿੱਤਰ ਚੇਅਰ ਦੇ ਬਾਰੇ ਅਨਾਪ-ਸ਼ਨਾਪ ਬੋਲਣ। ਇਨ੍ਹਾਂ ਨੂੰ ਕਹੋ ਕਿ ਇਹ ਆਪਣੇ ਕੰਨ ਫੜ ਕੇ ਮੁਆਫੀ ਮੰਗਣ। ਅਸੀਂ ਉਸ ਤੋਂ

ਮਗਰੋਂ ਪ੍ਰੋਸੀਡਿੰਗ ਚੱਲਣ ਦੇਵਾਂਗੇ, ਜੇਕਰ ਸਪੀਕਰ ਦੀ ਚੇਅਰ ਦੀ ਖਿਲਾਫ ਇਵੇਂ ਬੋਲਣਗੇ ਤਾਂ ਅਸੀਂ ਇਸ ਤਰ੍ਹਾਂ ਨਹੀਂ ਚਲ ਦੇਵਾਂਗੇ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੈਂਬਰ ਡਾ. ਨਛੱਤਰ ਪਾਲ ਵੈਲ ਆਫ ਦਿ ਹਾਊਸ ਵਿੱਚੋਂ ਹੀ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸੀ।)

**ਮਾਨਯੋਗ ਡਿਪਟੀ ਸਪੀਕਰ:** ਡਾ. ਨਛੱਤਰ ਪਾਲ ਜੀ, ਤੁਸੀਂ ਆਪਣੀ ਚੇਅਰ ਤੇ ਜਾ ਕੇ ਗੱਲ ਕਰੋ। ਮੈਂ ਟਾਈਮ ਦਿੰਦਾ ਹਾਂ। (ਵਿਘਨ)(ਸ਼ੋਰ)

(ਇਸ ਸਮੇਂ ਡਾ. ਨਛੱਤਰ ਪਾਲ ਆਪਣੀ ਸੀਟ ਤੇ ਚਲੇ ਗਏ।)

**ਡਾਕਟਰ ਨਛੱਤਰ ਪਾਲ:** ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜਾ ਬੀਬੀ ਸਰਵਜੀਤ ਕੌਰ ਮਾਣੂਕੇ ਜੀ ਮਤਾ ਲੈ ਕੇ ਆਏ ਹਨ, ਉਹ ਬਹੁਤ ਹੀ ਸੰਵੇਦਨਸ਼ੀਲ ਇਸ਼ੂ ਹੈ। ਮੈਂ ਸਮਝਦਾ ਸੀ ਕਿ ਇਹ ਮਤਾ.......

**ਮਾਨਯੋਗ ਡਿਪਟੀ ਸਪੀਕਰ:** ਡਾ. ਨਛੱਤਰ ਪਾਲ ਜੀ, ਤੁਹਾਨੂੰ ਮੌਕਾ ਮਿਲੇਗਾ। ਤੁਹਾਨੂੰ ਇਸ ਮਤੇ ਤੇ ਬੋਲਣ ਲਈ ਟਾਈਮ ਮਿਲੇਗਾ। ਮਾਨਯੋਗ ਮੈਂਬਰ ਸਾਹਿਬ, ਤੁਹਾਨੂੰ ਇਸ ਮਤੇ 'ਤੇ ਬੋਲਣ ਲਈ ਬਾਅਦ ਵਿੱਚ ਪੂਰਾ ਸਮਾਂ ਮਿਲੇਗਾ। ਪਹਿਲਾਂ ਮੈਂਬਰ ਸਾਹਿਬਾਨ ਨੂੰ ਮਤੇ 'ਤੇ ਆਪਣੀ ਗੱਲ ਪੂਰੀ ਕਰ ਲੈਣ ਦਿਉ। ਅਜੇ ਪੂਰਾ ਦਿਨ ਸੈਸ਼ਨ ਚੱਲਣਾ ਹੈ। ਤੁਹਾਨੂੰ ਮੌਕਾ ਮਿਲੇਗਾ। ਪਹਿਲਾਂ ਮਾਣੂਕੇ ਜੀ ਨੂੰ ਗੱਲ ਪੂਰੀ ਕਹਿ ਲੈਣ ਦਿਉ। ਤੁਹਾਨੂੰ ਸਮਾਂ ਦੇਵਾਂਗੇ। (ਵਿਘਨ)(ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਡਿਪਟੀ ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਇੱਕ ਗੱਲ ਲੀਡਰ ਆਫ ਆਪੋਜੀਸ਼ਨ ਨੂੰ ਜ਼ਰੂਰ ਕਹਿਣੀ ਚਾਹੁੰਦੀ ਹਾਂ ਕਿ ਇਨ੍ਹਾਂ ਦੇ ਪੰਜ ਸਾਬਕਾ ਮੰਤਰੀ ਵੀ ਇਸ ਟਾਈਮ ਨਾਲ ਖੜ੍ਹੇ ਹਨ, ਬਾਕੀ ਤਾਂ ਉਥੇ ਹੀ ਚਲੇ ਗਏ, ਜਿੱਥੋਂ ਉਹ ਆਏ ਸੀ । ਇਨ੍ਹਾਂ ਤੋਂ ਇਸ ਗੱਲ ਬਾਰੇ ਇੰਨਾ ਕੁ ਹੀ ਪੁੱਛ ਲਵੋ ਕਿ ਇਨ੍ਹਾਂ ਦੀ ਸਰਕਾਰ ਦੇ ਵੇਲੇ ਸਾਲ 2017 ਤੋਂ ਲੈ ਕੇ 2022 ਤੱਕ ਐਸ.ਸੀ. ਬੱਚਿਆਂ ਦਾ ਵਜ਼ੀਫਾ ਰਿਲੀਜ਼ ਕਿਉਂ ਨਹੀਂ ਕੀਤਾ? ਅੱਜ ਇਹ ਜਦੋਂ ਐਸ.ਸੀ. ਬੱਚਿਆਂ ਦੀ ਗੱਲ ਕਰਦੇ ਹਨ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਤਾੜੀਆਂ ਮਾਰ ਰਹੇ ਸਨ ਅਤੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਇਹ ਸਾਰੇ ਦੇ ਸਾਰੇ ਗਿੱਧੇ ਪਾਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਬੱਚਿਆਂ ਦਾ ਦਰਦ ਪੁੱਛੋ ਜਿਹੜੇ ਪੜ੍ਹ ਲਿਖ ਕੇ ਡਿਗਰੀਆਂ ਲੈ ਕੇ ਤਰਸ ਰਹੇ ਹਨ। ਅੱਜ ਸਕੂਲਾਂ ਦੇ ਵਿੱਚ 4 ਲੱਖ ਵਿਦਿਆਰਥੀ ਤਰਸ ਰਹੇ ਹਨ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਅਸੀਂ ਬੀ.ਏ. ਕੀਤੀ ਹੈ ਜਾਂ ਨਹੀਂ, ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਕੀ ਉਹ ਦਿਹਾੜੀ ਤੇ ਜਾਣ ਜਾਂ ਅੱਗੇ ਪੜ੍ਹਾਈ ਕਰਨ। ਉਹ ਦਿਹਾੜੀ ਤੇ ਜਾਣ ਲਈ ਮਜ਼ਬੂਰ ਹਨ। ਇਨ੍ਹਾਂ ਦੀ ਸਰਕਾਰ ਨੇ ਸਾਡੇ ਬੱਚਿਆਂ ਦੇ ਹੱਥੋਂ ਮੈਡੀਕਲ ਸਿੱਖਿਆ ਦਾ ਸੁਪਨਾ ਹੀ ਖੋਹ ਲਿਆ। ਮੈਡੀਕਲ ਸਿੱਖਿਆ ਦੀ ਫੀਸ ਇੰਨੀ ਮਹਿੰਗੀ ਕਰ ਦਿੱਤੀ ਕਿ ਸਾਡਾ ਕੋਈ ਬੱਚਾ ਡਾਕਟਰ ਬਣਨ ਲਈ ਨਹੀਂ ਸੋਚ ਸਕਦਾ। ਇਨ੍ਹਾਂ ਨੇ ਤਾਂ ਆਪੇ ਹੀ ਗਿੱਧੇ ਪਾਉਣੇ ਹਨ, ਇਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਅਸੀਂ ਇਨ੍ਹਾਂ ਬੱਚਿਆਂ ਨੂੰ ਉਸ ਚੀਜ਼ ਵਿੱਚੋਂ ਬਾਹਰ ਕੱਢ ਦਿੱਤਾ ਹੈ। ਅੱਜ ਗਰੀਬਾਂ ਦੇ ਬੱਚਿਆਂ ਨੂੰ, ਦਲਿਤਾਂ ਦੇ ਬੱਚਿਆਂ ਨੂੰ, ਪੱਛੜੀ ਸ਼੍ਰੇਣੀ ਤੇ ਗਰੀਬ ਵਰਗ ਦੇ ਬੱਚਿਆਂ ਨੂੰ ਉਸ ਸ਼੍ਰੇਣੀ ਦੇ ਵਿੱਚੋਂ ਬਾਹਰ ਕੱਢ ਦਿੱਤਾ ਹੈ, ਜਿੱਥੇ ਇਨ੍ਹਾਂ ਦੇ ਨਲਾਇਕ ਬੱਚੇ ਆ ਨਹੀਂ ਸਕਦੇ, ਜਿੱਥੇ ਪੜ੍ਹੇ-ਲਿਖੇ ਲੈਵਲ ਦੇ ਇਮਤਿਹਾਨ ਕੰਪੀਟ ਨਹੀਂ ਕਰ ਸਕਦੇ। ਡਿਪਟੀ ਸਪੀਕਰ ਸਾਹਿਬ, ਸਾਡੇ ਕੋਲ ਤਾਕਤ ਹੈ, ਸਾਨੂੰ ਤਾਂ ਉਡਣ ਲਈ ਥੋੜ੍ਹੇ ਜਿਹੇ ਖੰਭ ਹੀ ਚਾਹੀਦੇ ਹਨ। ਸਭ ਤੋਂ ਪਹਿਲਾਂ ਤਾਂ ਇਨ੍ਹਾਂ ਦੀ ਸਰਕਾਰ ਸਮੇਂ, ਇਨ੍ਹਾਂ ਦੀਆਂ ਕੈਬਨਿਟ ਮੀਟਿੰਗਾਂ ਵਿੱਚ ਇੱਕੋ ਹੀ ਫੈਸਲਾ ਲੈਂਦੇ ਹੁੰਦੇ ਸੀ ਕਿ ਜੇ ਕੋਈ ਅਜਿਹਾ ਕਾਲਜ ਆ ਗਿਆ, ਜਿਹੜਾ ਕਾਲਜ ਬੱਚਿਆਂ ਨੂੰ ਡਿਗਰੀਆਂ ਨਹੀਂ ਦੇਵੇਗਾ ਤਾਂ ਉਸ ਦੇ ਅਗੇਂਸਟ ਸਖਤ ਫੈਸਲਾ ਲਿਆ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਪਰ ਮੈਨੂੰ ਇੰਨੀ ਗੱਲ ਦੱਸੋ ਕਿ ਇਨ੍ਹਾਂ ਨੇ ਕਿਹੜੇ ਫੈਸਲੇ ਲੈਣੇ ਸੀ? ਇਹ ਵੱਡੇ-ਵੱਡੇ ਕਾਲਜਾਂ ਦੇ ਮਾਲਕ ਹਨ। ਇਨ੍ਹਾਂ ਦੀ ਸਰਕਾਰ ਵਿੱਚ ਵੱਡੇ-ਵੱਡੇ ਸਕੂਲਾਂ ਦੇ ਮਾਲਕ ਬੈਠੇ ਸੀ। ਡਿਪਟੀ ਸਪੀਕਰ ਸਾਹਿਬ, ਜਦੋਂ ਦੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਸਰਕਾਰ ਆਈ ਹੈ, ਸਾਡੀ ਸਰਕਾਰ ਪੰਜਾਬ ਦੇ ਲੋਕਾਂ ਲਈ ਆਈ ਹੈ, ਸਾਡੀ ਸਰਕਾਰ ਪੰਜਾਬ ਦੇ ਲੋਕਾਂ ਲਈ ਕੰਮ ਕਰ ਰਹੀ ਹੈ। ਉਦੋਂ ਤੱਕ ਅਸੀਂ ਇਹ ਜ਼ਰੂਰ ਕਹਿਣਾ ਚਾਹਾਂਗੇ ਕਿ ਇਨ੍ਹਾਂ ਦੇ ਵੇਲੇ 4 ਸਾਲ ਬੱਚੇ ਪੜ੍ਹ ਗਏ, ਉਹ ਬੱਚੇ ਆਪਣੇ ਪੱਲਿਓਂ ਪੜ੍ਹ ਗਏ, ਇਨ੍ਹਾਂ ਨੇ ਨਾ ਸਟੂਡੈਂਟਸ ਨੂੰ ਵਜ਼ੀਫਾ ਦਿੱਤਾ ਅਤੇ ਨਾ ਹੀ ਮੈਨਟੇਨੈਂਸ ਲਈ ਖਰਚਾ ਦਿੱਤਾ। ਉਨ੍ਹਾਂ ਬੱਚਿਆਂ ਨੂੰ ਡਿਗਰੀਆਂ ਵੀ ਨਹੀਂ ਮਿਲੀਆਂ।

29.09.2022/03.50/ਹਰਪ੍ਰੀਤ ਸਿੰਘ/ਬਰਿੰਦਰਾ ਸਿੰਘ

ਸਾਡੀ ਸਰਕਾਰ ਇਸ ਮੁੱਦੇ ਤੇ ਸੁਹਿਰਦ ਹੈ। ਅਸੀਂ ਜ਼ਰੂਰ ਇਸ ਲਈ ਬਜਟ ਵਿਚ ਕੋਈ ਸਪੈਸ਼ਲ ਪ੍ਰੋਵਿਜ਼ਨ ਰੱਖਾਂਗੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ)ਇਹ ਤਾਂ ਪੁੱਛੋ ਕਿ ਇਹ ਫਰਾਕਾਂ ਕਿਉਂ ਪਾਈ ਫਿਰਦੇ ਹਨ। ਇਹ ਠੀਕ ਹੈ ਕਿ ਆਪਣੀ ਅਵਾਜ਼ ਚੁੱਕਣੀ ਬਣਦੀ ਹੈ ਪਰ ਇਹ ਦੱਸੋ ਕਿ ਤੁਸੀਂ ਇਹੋ ਜਿਹੀਆਂ ਫਰਾਕਾਂ ਸਾਡੇ ਗਰੀਬਾਂ ਵਾਸਤੇ ਪਾਈਆਂ? ਇਹ ਫਰਾਕਾਂ ਪਾ ਕੇ ਤਾੜੀਆਂ ਮਾਰ ਕੇ ਨੱਚਦੇ ਫਿਰਦੇ ਹਨ, ਗਿੱਧਾ ਪਾ ਰਹੇ ਹਨ। ਇਹ ਪਵਿੱਤਰ ਸਦਨ ਹੈ। ਸਾਡੇ ਜੁਆਕਾਂ ਨੂੰ ਤੁਹਾਡੀਆਂ ਘੱਗਰੀਆਂ ਤੋਂ ਕੀ ਲੈਣਾ, ਸਾਡੇ ਜੁਆਕਾਂ ਨੂੰ ਤਾਂ ਇਹ ਚਾਹੀਦਾ ਹੈ ਕਿ ਵਜ਼ੀਫਾ ਕਦੋਂ ਮਿਲੇਗਾ। ਉਨ੍ਹਾਂ ਨੂੰ ਡਿਗਰੀਆਂ ਚਾਹੀਦੀਆਂ ਹਨ। ਇਹ ਘੱਗਰੀਆਂ ਪਾਉਣ ਲਈ ਤੁਸੀਂ ਕੋਈ ਵੱਖਰਾ ਪ੍ਰੋਗਰਾਮ ਰੱਖ ਲਓ। ਇਹ ਪਵਿੱਤਰ ਸਦਨ ਕਿਸੇ ਗਿੱਧੇ ਲਈ ਨਹੀ ਬਣਿਆ, ਕਿਸੇ ਦਾ ਡਰੈਸ ਕੋਡ ਦੇਖਣ ਲਈ ਨਹੀਂ ਬਣਿਆ। ਇਹ ਪਵਿੱਤਰ ਸਦਨ ਗਰੀਬ ਲੋਕਾਂ ਦੀ ਅਵਾਜ਼ ਚੁੱਕਣ ਲਈ ਬਣਿਆ ਹੈ। ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਇਸ ਗੱਲ ਦਾ ਵਾਅਦਾ ਕਰਦੀ ਹੈ ਕਿ ਇਕ-ਇਕ ਬੱਚੇ ਨੂੰ ਵਜ਼ੀਫਾ ਦੇ ਕੇ ਸਰਟੀਫਿਕੇਟ ਦਿਵਾਵਾਂਗੇ ਅਤੇ ਉਨ੍ਹਾਂ ਨੂੰ ਡਿਊਟੀਆਂ ਤੇ ਵੀ ਭੇਜਾਂਗੇ ਪਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛ ਲਓ ਕਿ ਕੀ ਤੁਸੀਂ ਵੀ ਇਸ ਵਾਸਤੇ ਕੋਈ ਹਾਅ ਦਾ ਨਾਹਰਾ ਮਾਰੋਗੇ ਜਾਂ ਕੇਵਲ ਵੋਟਾਂ ਵੇਲੇ ਹੀ ਸਾਡੇ ਗਰੀਬਾਂ ਦੇ ਘਰ ਦਿਸਣਗੇ। ਵਿਹੜਿਆਂ ਦੀ ਰੋਟੀ ਕੇਵਲ ਵੋਟਾਂ ਵੇਲੇ ਹੀ ਖਾਣੀ ਹੈ ਜਾਂ ਉਸ ਤੋਂ ਪਹਿਲਾਂ ਵੀ ਗਰੀਬਾਂ ਦੀ ਯਾਦ ਆਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ

ਤਵਾਰੀਖ ਕੀ ਗਹਿਰਾਈਓਂ ਨੇ ਵੋ ਵਕਤ ਭੀ ਦੇਖਾ ਹੈ
ਜਬ ਲਮਹੋਂ ਨੇ ਖਤਾ ਕੀ ਸਦੀਓਂ ਨੇ ਸਜ਼ਾ ਪਾਈ

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ (ਕਾਂਗਰਸ ਦੇ) ਪੰਜ ਸਾਲਾਂ ਦੇ ਰਾਜ ਵਿਚ ਕੋਈ ਵਜ਼ੀਫਾ ਘੁਟਾਲਾ ਹੋਇਆ, ਕੋਈ ਦਵਾਈਆਂ ਦਾ ਘੁਟਾਲਾ ਹੋਇਆ। ਇਹ ਐਸੀ ** ** ਕੰਪਨੀ ਹੈ, ਇਹ ਐਸੀ ** ** ਪਾਰਟੀ ਹੈ, ਜਿਹੜੀ ਅੰਦਰੋਂ ਹੋਰ ਅਤੇ ਬਾਹਰੋਂ ਤਮਾਸ਼ੇ ਹੋਰ ਕਰਦੀ ਹੈ। ਇੱਥੇ ਗੱਲ ਹੋਰ ਕਰਨਗੇ ਅਤੇ ਬਾਹਰ ਜਾ ਕੇ ਗੱਲ ਹੋਰ ਕਰਨਗੇ। ਅੱਜ ਬਾਹਰ ਜਾ ਕੇ ਇਹ ਕਹਿਣਗੇ ਕਿ ਅੱਜ ਦਾ ਸੈਸ਼ਨ ਮੁੱਖ ਮੰਤਰੀ ਜੀ ਅਤੇ ਸਪੀਕਰ ਸਾਹਿਬ ਨੇ ਲੋਕਾਂ ਲਈ ਨਹੀਂ ਸੀ ਬੁਲਾਇਆ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦੀ ਹਾਂ ਕਿ 40 ਫੀਸਦੀ ਅਬਾਦੀ ਗਰੀਬ ਵਰਗ ਦੀ ਅਤੇ 60 ਫੀਸਦੀ ਪੱਛੜੀਆਂ ਸ਼੍ਰੇਣੀਆਂ ਦੀ ਅਬਾਦੀ ਕੀ ਪੰਜਾਬ ਦੇ ਲੋਕਾਂ ਦੀ ਨਹੀਂ ਹੈ? ਕੀ ਹੁਣ ਅਸੀਂ ਇਨ੍ਹਾਂ ਦੀਆਂ ਫਰਾਕਾਂ ਦੇਖੀਏ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਬੱਚਿਆਂ ਦੇ ਆਡਿਟ ਜ਼ਰੂਰ ਕਰਵਾਏ ਜਾਣ ਪਰ ਨਾਲ-ਨਾਲ ਜ਼ਿੰਮੇਵਾਰੀ ਵੀ ਫਿਕਸ ਕੀਤੀ ਜਾਵੇ। ਜਿਹੜਾ ਬੱਚਾ ਜਿਹੜੇ ਸਕੂਲ ਦੇ ਵਿਚ, ਜਿਹੜੇ ਕਾਲਜ ਵਿਚ ਦਾਖਲਾ ਲੈ ਗਿਆ, ਉਨ੍ਹਾਂ ਬੱਚਿਆਂ ਲਈ ਉੱਥੇ ਕੋਈ ਹੈਲਪ

ਡੈਸਕ ਬਣਾਇਆ ਜਾਵੇ ਜਿੱਥੇ ਉਹ ਆਪਣੇ ਨਾਲ ਹੋਈ ਧੱਕੇ ਦੇ ਖਿਲਾਫ ਅਵਾਜ਼ ਬੁਲੰਦ ਕਰ ਸਕਣ। ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਝੋਨੇ ਦੇ ਸੀਜ਼ਨ ਵਿਚ ਪਨੀਰੀ ਲਗਾਉਣੀ ਹੁੰਦੀ ਹੈ, ਕਣਕ ਦੇ ਸੀਜ਼ਨ ਵਿਚ ਕੁੱਝ ਕਰਨਾ ਪੈਂਦਾ ਹੈ। ਇਹ ਵੱਡੇ ਲੋਕ ਵੱਟਾਂ ਤੇ ਫਿਰਦੇ ਲੋਕਾਂ ਨੂੰ ਦਿਹਾੜੀ ਛੱਡਣ ਨਹੀਂ ਦਿੰਦੇ। ਗਰੀਬਾਂ ਦੇ ਦਰਦ ਨੂੰ ਇਹ ਨਹੀਂ ਸਮਝਣਗੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਵਿਚ ਦਿਲ ਹੀ ਨਹੀਂ ਹੈ।ਇਹ ਪੰਜਾਬ ਦੇ ਲੋਕਾਂ ਦੀ ਗੱਲ ਤਾਂ ਨਹੀਂ ਕਰਦੇ ਕਿਉਂਕਿ ਮਲਾਈ ਤਾਂ ਇਨ੍ਹਾਂ ਨੇ ਆਪ ਛਕੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਸਾਨੂੰ ਕੁੱਝ ਨਹੀਂ ਚਾਹੀਦਾ, ਸਾਡੀ ਪਾਰਟੀ ਦੇ ਕਿਸੇ ਮੈਂਬਰ ਨੂੰ ਐਸੀ ਮਲਾਈ ਨਹੀਂ ਚਾਹੀਦੀ ਜੋ ਲੋਕਾਂ ਦਾ ਖੂਨ ਚੂਸ ਕੇ ਬਣਾਈ ਹੋਵੇ। ਇਹ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਹੈ, ਜਿੱਥੇ ਉਨ੍ਹਾਂ ਨੇ ਸਭ ਤੋਂ ਪਹਿਲਾ ਵਾਅਦਾ ਕੀਤਾ ਕਿ ਮੈਂ ਪੰਜਾਬ ਦੇ ਲੋਕਾਂ ਲਈ ਬਣਿਆ ਹਾਂ। ਉਨ੍ਹਾਂ ਨੇ ਕਿਹਾ ਮੈਂ ਇਕ ਐਮ.ਐਲ.ਏ. ਇਕ ਪੈਨਸ਼ਨ ਦਿਆਂਗਾ, ਜਿਹੜਾ ਪੈਸਾ ਬਚੇਗਾ, ਉਸ ਨਾਲ ਮੈਂ ਪੰਜਾਬ ਦੇ ਬੱਚਿਆਂ ਨੂੰ ਪੜ੍ਹਾਵਾਂਗਾ। ਡਿਪਟੀ ਸਪੀਕਰ ਸਾਹਿਬ, ਇਹ ਤੜ-ਤੜ ਕਰਕੇ ਉੱਠੇ ਕਿ ਸਾਡਾ ਗੁਜ਼ਾਰਾ ਕਿਵੇਂ ਹੋਵੇਗਾ। ਉਹ ਭਲੇ ਮਾਣਸੋ, ਤੁਹਾਡਾ ਗੁਜ਼ਾਰਾ ਛੱਡੋ, ਜਿਹੜੇ ਤੁਹਾਡੇ ਰਾਜ ਵਿਚ 200-250 ਦਿਹਾੜੀ ਲੈ ਕੇ ਘਰੇ ਆਉਂਦੇ ਸੀ.....

ਅ.ਕ/ਬ.ਸ/3.55/29.9.2022

ਜਿਨ੍ਹਾਂ ਨੂੰ ਤੁਸੀਂ ਵਜ਼ੀਫਾ ਨਹੀਂ ਦਿੱਤਾ, ਉਨ੍ਹਾਂ ਦੇ ਜਵਾਕ ਪੜ੍ਹਾਈਆਂ ਛੱਡ ਗਏ। ਉਨ੍ਹਾਂ ਦਾ ਗੁਜ਼ਾਰਾ ਕਿਵੇਂ ਹੁੰਦਾ, ਤੁਸੀਂ ਸਾਨੂੰ ਇਹ ਤਾਂ ਦੱਸ ਦਿਓ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ 70-75 ਸਾਲਾਂ ਦੇ ਦੌਰਾਨ ਮੈਂ ਇਹ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਪੰਜਾਬ ਦੇ ਪੁੱਤ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਹੈ। ਦੂਜੀ ਗੱਲ, ਇੱਥੇ ਸਾਡੇ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਜੀ ਬੈਠੇ ਹਨ, ਜਿਨ੍ਹਾਂ ਨੇ ਪੰਜਾਬ ਦਾ ਪੁੱਤ ਬਣ ਕੇ ਪੰਜਾਬ ਦੇ ਵੱਡੇ ਵੱਡੇ ਘਰਾਣਿਆਂ ਤੋਂ ਜ਼ਮੀਨਾਂ ਛੁਡਵਾਈਆਂ ਹਨ, ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਜ਼ ਵੱਲ ਇਸ਼ਾਰਾ) ਦਰਦ ਤਾਂ ਹੁੰਦਾ ਹੈ। ਇਨ੍ਹਾਂ ਦੀਆਂ ਵਿੱਚੋਂ ਚੀਕਾਂ ਨਿਕਲਦੀਆਂ ਹਨ। ਜ਼ਮੀਨਾਂ ਛੁਡਵਾਉਣ ਵਾਲੇ ਇਹ ਸਾਡੇ ਪੰਜਾਬ ਦੇ ਪੁੱਤ ਹਨ। ਇਥੇ ਸਾਡਾ ਚੰਨ ਮੁੰਡਾ ਸਰਦਾਰ ਹਰਜੋਤ ਬੈਂਸ ਬੈਠਾ ਹੈ। ਇਨ੍ਹਾਂ ਦੇ ਰਾਜ ਦੇ ਵਿੱਚ ਵੱਡੇ ਵੱਡੇ ਗੈਂਗਸਟਰ ਜੇਲ੍ਹਾਂ ਦੇ ਵਿੱਚ ਜਵਾਈ ਵਾਂਗ ਰੱਖੇ ਜਾਂਦੇ ਸਨ ਪਰ ਉਸ ਮੁੰਡੇ ਨੇ ਹਿੰਮਤ ਦਿਖਾ ਕੇ ਪੂਰੇ ਪੰਜਾਬ ਦੀਆਂ ਜੇਲ੍ਹਾਂ ਦੇ ਵਿੱਚੋਂ ਵੀ.ਆਈ.ਪੀ ਕਲਚਰ ਖਤਮ ਕਰਕੇ ਰੱਖ ਦਿੱਤਾ। ਅਸੀਂ ਆਮ ਘਰਾਂ ਦੇ ਲੋਕ ਸੀ ਅਤੇ ਸਾਨੂੰ ਪਤਾ ਸੀ, ਅਸੀਂ ਮੱਧਮ ਵਰਗ ਵਿੱਚ ਵਿਚਰ ਰਹੇ ਸੀ। ਅਸੀਂ ਇਨ੍ਹਾਂ ਬੱਚਿਆਂ ਨੂੰ ਦੇਖਦੇ ਹੋਏ ਸੇਵਾ ਕੇਂਦਰਾਂ ਨੂੰ ਸ਼ੁਰੂ ਕੀਤਾ ਤਾਂ ਕਿ ਉਹ ਪੜ੍ਹਨ ਅਤੇ ਆਪਣੀ ਦਿਹਾੜੀ ਨਾ ਛੱਡਣ ਅਤੇ ਆਪਣਾ ਸਮਾਂ ਕੱਢ ਕੇ ਵਿੱਚੋਂ-ਵਿੱਚੋਂ ਵੀ ਆਪਣਾ ਕੰਮ ਕਰਵਾ ਸਕਣ।

ਡਿਪਟੀ ਸਪੀਕਰ ਸਾਹਿਬ, ਸਾਡੇ ਮੰਤਰੀ ਸਾਹਿਬ ਮਾਲ ਮਹਿਕਮੇ ਵਿੱਚ e-governance ਲੈ ਕੇ ਆਏ ਹਨ। ਇਹ ਚੀਜ਼ ਇਨ੍ਹਾਂ ਦੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਜ਼ ਵੱਲ ਇਸ਼ਾਰਾ) ਕਿੱਤੇ ਬੰਦ ਕਰੇਗੀ। ਹੋਰ ਕਿਸੇ ਦੇ ਨਹੀਂ ਹੁੰਦੇ। ਗਰੀਬ ਵਰਗ ਨੂੰ ਕੁਝ ਨਹੀਂ ਹੋਵੇਗਾ। ਸਾਡੇ ਜ਼ਿੰਪਾ ਸਾਹਿਬ e-governance ਲੈ ਕੇ ਆਏ ਹਨ। ਇਥੇ ਸਾਡੀ ਬੀਬੀ ਬੈਠੀ ਹੈ, ਜਿਨ੍ਹਾਂ ਨੇ ਕਿਹਾ ਹੈ ਕਿ ਸ਼ਹੀਦਾਂ ਦੀਆਂ ਸਾਰੀਆਂ ਸਮਾਰਕਾਂ ਨੂੰ ਸੰਭਾਲਿਆ ਜਾਵੇਗਾ ਅਤੇ ਪੂਰੇ ਸੈਰ-ਸਪਾਟੇ ਮਹਿਕਮੇ ਨੂੰ ਚੁਸਤ ਕਰਾਂਗੀ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਤੋਂ ਪੁੱਛੋ ਕਿ ਪੈਡੀ ਸੀਜ਼ਨ ਦੇ ਵਿੱਚ ਇਨ੍ਹਾਂ ਦੇ ਰਾਜ ਦੇ ਵਿੱਚ ਕਦੀ ਇੰਨੀ ਬਿਜਲੀ ਆਈ ਸੀ। ਇਥੇ ਸਾਡੇ ਮੰਤਰੀ ਚੀਮਾ ਸਾਹਿਬ ਬੈਠੇ ਹਨ। ਇਨ੍ਹਾਂ ਨੇ ਕਿਹਾ ਹੈ ਕਿ ਜਨਤਾ ਦਾ ਬਜਟ ਜਨਤਾ ਦੇ ਵਿੱਚ ਜਾ ਕੇ ਤਿਆਰ ਕਰਾਂਗਾ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅੱਜ ਸਾਡੇ ਪੰਜਾਬ ਦੇ ਵਿੱਚ ਜਿਹੜੀ ਸਾਡੇ ਮੱਧਮ ਵਰਗ ਦੇ ਪਰਿਵਾਰਾਂ ਨੂੰ ਲੋੜ ਹੈ, ਮੈਂ ਉਨ੍ਹਾਂ ਨੂੰ ਪੈਸਾ ਦੇਵਾਂਗਾ। ਬੇਸ਼ੱਕ ਅਮੀਰ ਵਰਗ ਵੀ ਸਾਡੇ ਆਪਣੇ ਹਨ। ਸਾਰੇ ਵਰਗ ਸਾਡੇ ਆਪਣੇ ਹਨ। ਇਨ੍ਹਾਂ ਸਾਰਿਆਂ ਨੂੰ ਆਪਾਂ ਨਾਲ ਲੈ ਕੇ ਤੁਰਨਾ ਹੈ। ਕਿਸੇ ਤਰ੍ਹਾਂ ਦੀ ਸਿਆਸੀ ਸ਼ੈਅ ਤੇ ਧੱਕਾਸ਼ਾਹੀ ਅਸੀਂ ਨਹੀਂ ਚੱਲਣ ਦੇਵਾਂਗੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਸਮਝਾ ਦਿਓ ਕਿ ਅਸੀਂ ਤਾਂ ਉਨ੍ਹਾਂ ਘਰਾਂ ਦੇ ਵਿੱਚੋਂ ਉਠੇ ਲੋਕ ਹਾਂ ਜਿੱਥੇ ਸਾਨੂੰ ਕੋਈ ਦਰਦ ਨਹੀਂ ਹੈ, ਕੋਈ ਤਰਸ ਨਹੀਂ ਹੈ। ਸਾਡੇ ਵੱਲੋਂ ਤਾਂ ਲੋਕਾਂ ਦਾ ਭਲਾ ਹੋਣਾ ਚਾਹੀਦਾ ਹੈ। ਸ਼ਹੀਦ ਪਰਿਵਾਰਾਂ ਦੀਆਂ ਵਿਧਵਾਵਾਂ ਹੁੰਦੀਆਂ ਸਨ ਪਹਿਲੀ ਵਾਰ ਪੰਜਾਬ ਦੇ ਵਿੱਚ ਸ਼ਹੀਦਾ ਨੂੰ ਇੱਕ ਕਰੋੜ ਰੁਪਿਆ ਦਿੱਤਾ ਜਾਵੇਗਾ। ਇਹ ਸਿਰਫ ਤੇ ਸਿਰਫ ਸਰਦਾਰ ਭਗਵੰਤ ਸਿੰਘ ਮਾਨ ਅਤੇ ਸ਼੍ਰੀ ਅਰਵਿੰਦ ਕੇਜਰੀਵਾਲ ਦੀ ਸੋਚ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਦੇ ਰਾਜ ਦੇ ਵਿੱਚ ਵੀ ਫੌਜੀਆਂ ਦੇ ਤਾਬੂਤਾਂ ਦਾ ਘਪਲਾ ਹੋਇਆ ਸੀ ਕਿ ਨਹੀਂ? ਇਨ੍ਹਾਂ ਦੇ ਰਾਜ ਵਿੱਚ ਇਹ ਘਪਲਾ ਹੋਇਆ ਸੀ।ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡਾ ਦਰਦ ਇਨ੍ਹਾਂ ਨੂੰ ਇਹ ਹੋ ਰਿਹਾ ਹੈ ਕਿ ਜੇ ਗਰੀਬਾਂ ਨੂੰ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਦਵਾਈ ਦੀ ਸਹੂਲਤ ਦੇਣ ਲੱਗ ਗਈ ਤਾਂ ਸਾਡੇ ਹਸਪਤਾਲਾਂ ਤੱਕ ਕੌਣ ਆਏਗਾ। ਸਰਦਾਰ ਭਗਵੰਤ ਸਿੰਘ ਮਾਨ ਜੀ ਨੇ 75 ਮੁਹੱਲਾ ਕਲੀਨਿਕ ਖੋਲ੍ਹ ਦਿੱਤੇ ਹਨ। 100 ਤੋਂ ਵੱਧ ਮੁਹੱਲਾ ਕਲੀਨਿਕ ਪਾਈਪਲਾਈਨ ਵਿੱਚ ਹਨ। ਹੁਣ ਇਨ੍ਹਾਂ ਦੇ ਹਸਪਤਾਲਾਂ ਦੀ ਗਿਣਤੀ ਘੱਟਣ ਲੱਗ ਪਈ ਹੈ। ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨਾਲ ਅੱਜ ਗੱਲ ਹੋ ਚੁੱਕੀ ਹੈ, ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਐਸ.ਸੀ ਸਕਾਲਰਸ਼ਿਪ ਦਾ ਜਿਹੜਾ e-portal ਹੈ, ਉਸ ਨੂੰ ਅਸੀਂ ਲਾਗੂ ਵੀ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਜ਼ਰੂਰ ਕਹਾਂਗੀ ਕਿ ਅੱਜ ਪੰਜਾਬ ਦੇ ਵਿੱਚੋਂ ਜਦੋਂ ਲੋਕ ਦਿੱਲੀ ਏਅਰਪੋਰਟ ਜਾਂਦੇ ਹਨ ਤਾਂ ਆਮ ਆਦਮੀ ਪਾਰਟੀ ਜ਼ਿੰਦਾਬਾਦ ਕਹਿ ਕੇ ਜਾਂਦੇ ਹਨ, ਸਰਦਾਰ ਭਗਵੰਤ ਸਿੰਘ ਮਾਨ ਜ਼ਿੰਦਾਬਾਦ ਕਹਿ ਕੇ ਜਾਂਦੇ

ਹਨ। ਇਸ ਦਾ ਸਿਹਰਾ ਸਾਰੇ ਦਾ ਸਾਰਾ ਉਨ੍ਹਾਂ ਲੋਕਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਪਾਰਟੀ ਤੇ ਵਿਸ਼ਵਾਸ ਜਤਾਇਆ ਅਤੇ ਇੰਨੀ ਬਹੁਮਤ ਨਾਲ ਜਿਤਾਇਆ।

4.00 / 29.09.2022 ਤਰਲੋਚਨ ਸਿੰਘ /ਰਜਨੀਸ਼ ਕੁਮਾਰ

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਜ਼ਰੂਰ ਕਹਿਣਾ ਚਾਹੁੰਦੀ ਹਾਂ, ਸਾਡੀ ਆਮ ਆਦਮੀ ਪਾਰਟੀ ਇਸ ਹਾਲਾਤ ਵਿੱਚੋਂ ਨਿਕਲੀ ਹੈ: -

**जिस माहौल में जीवन मुश्किल हो**

**जिस माहौल में जीवन मुश्किल हो**

**उस माहौल में जीवन लाजिम है**

ਧੰਨਵਾਦ ਡਿਪਟੀ ਸਪੀਕਰ ਸਾਹਿਬ। (ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ** : (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਸੰਬੋਧਨ ਕਰਦੇ ਹੋਏ) ਬਾਜਵਾ ਜੀ, ਮੇਰੀ ਗੱਲ ਸੁਣੋ। ਕੀ ਤੁਸੀਂ ਮਾਈਕ ਤੇ ਆ ਕੇ ਗੱਲ ਕਰੋਗੇ? (ਸ਼ੋਰ) ਇੱਥੇ ਨਹੀਂ ਜੀ। ਕੀ ਤੁਸੀਂ ਮਾਈਕ ਤੇ ਆ ਕੇ ਗੱਲ ਕਰੋਗੇ? (ਵਿਘਨ) ਕੀ ਤੁਸੀਂ ਗੱਲ ਵੀ ਨਹੀਂ ਕਰਨਾ ਚਾਹੁੰਦੇ? (ਸ਼ੋਰ) ਬਾਜਵਾ ਸਾਹਿਬ, ਕੀ ਤੁਸੀਂ ਗੱਲ ਵੀ ਨਹੀਂ ਕਰਨਾ ਚਾਹੁੰਦੇ? ਕੀ ਤੁਸੀਂ ਗੱਲ ਸੁਣਨਾ ਵੀ ਨਹੀਂ ਚਾਹੁੰਦੇ? ਮੈਂ ਬਹੁਤ ਅਹਿਮ ਵਿਸ਼ੇ ਤੇ ਤੁਹਾਡੇ ਨਾਲ ਗੱਲ ਕਰਨਾ ਚਾਹੁੰਦਾ ਹਾਂ। ਬਾਜਵਾ ਜੀ ਕੀ ਤੁਸੀਂ ਇੱਕ ਮਿੰਟ ਲਈ ਮਾਈਕ ਤੇ ਨਹੀਂ ਆ ਸਕਦੇ? (ਸ਼ੋਰ) ਬਾਜਵਾ ਜੀ ਤੁਸੀਂ ਪਲੀਜ਼ ਆਪਣੀ ਸੀਟ ਤੇ ਆਉ। (ਵਿਘਨ) ਪਲੀਜ਼ ਸੀਟ ਤੇ ਆ ਜਾਉ। ਤੁਹਾਡੇ ਨਾਲ ਮੈਂ ਇੱਕ ਜ਼ਰੂਰੀ ਗੱਲ ਕਰਨੀ ਹੈ, ਤੁਸੀਂ ਕਾਈਂਡਲੀ ਸੀਟ ਤੇ ਆਉ। (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਉੱਚੀ-ਉੱਚੀ ਬੋਲਣ ਲੱਗੇ।)

**ਮਾਨਯੋਗ ਡਿਪਟੀ ਸਪੀਕਰ** : ਨਹੀਂ ਜੀ। ਮੇਰੀ ਬੇਨਤੀ ਹੈ ਕਿ ਹੋਰ ਕੋਈ ਨਾ ਬੋਲੇ। (ਸ਼ੋਰ) ਬਿਲਕੁਲ ਆਰਾਮ ਨਾਲ ਬੋਲੋ। ਬੈਠੋ, ਆਰਾਮ ਨਾਲ ਬੈਠੋ। ਬਾਜਵਾ ਜੀ ਇੱਕ ਮਿੰਟ ਲਈ ਆਪਣੀ ਸੀਟ ਤੇ ਜਾਉ। (ਸ਼ੋਰ) ਸਲਾਹਾਂ ਨਾ ਕਰੋ, ਆਪਣੀ ਸੀਟ ਤੇ ਆਉ। ਤੁਸੀਂ ਮਾਈਕ ਤੇ ਆਉ। (ਵਿਘਨ) ਮੈਂ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ, ਤੁਸੀਂ ਕਾਈਂਡਲੀ ਆਪਣੀ ਸੀਟ ਤੇ ਆਉ। ਵੈੱਲ ਵਿੱਚ ਥੋੜ੍ਹਾ ਗੱਲ ਕੀਤੀ ਜਾ ਸਕਦੀ ਹੈ। (ਸ਼ੋਰ) ਜੇਕਰ ਤੁਸੀਂ ਗੱਲ ਕਰਨੀ ਚਾਹੁੰਦੇ ਹੋ ਤਾਂ ਮਾਈਕ ਤੇ ਆਉ।(ਵਿਘਨ) ਤੁਸੀਂ ਬਹੁਤ ਸਤਿਕਾਰਯੋਗ ਹੋ, ਤੁਸੀਂ ਮਾਈਕ ਤੇ ਜਾ ਕੇ ਗੱਲ ਕਰੋ। (ਸ਼ੋਰ) ਬਾਜਵਾ ਜੀ, ਤੁਸੀਂ ਪਲੀਜ਼ ਮਾਈਕ ਤੇ ਆ ਕੇ ਗੱਲ ਕਰੋ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਫਿਰ ਤੋਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਉੱਚੀ ਉੱਚੀ ਬੋਲਣ ਲੱਗੇ।)

**ਮਾਨਯੋਗ ਡਿਪਟੀ ਸਪੀਕਰ** : ਮੇਰੀ ਟਰੇਜ਼ਰੀ ਬੈਂਚਿਜ਼ ਨੂੰ ਬੇਨਤੀ ਹੈ ਕਿ ਆਰਾਮ ਨਾਲ ਬੈਠੋ। ਆਰਾਮ ਨਾਲ ਬੈਠੋ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ) ਬਾਜਵਾ ਜੀ, ਪਲੀਜ਼ ਮਾਈਕ ਤੇ ਜਾਉ, ਤੁਹਾਡੇ ਨਾਲ ਜ਼ਰੂਰੀ ਗੱਲ ਕਰਨੀ ਹੈ। (ਸ਼ੋਰ) ਬਾਕੀ ਸਾਰੇ ਆਰਾਮ ਨਾਲ ਬੈਠੋ। ਹਾਊਸ ਨੂੰ ਆਰਾਮ ਨਾਲ ਚੱਲਣ ਦਿਉ।

(ਇਸ ਸਮੇਂ ਸਰਦਾਰ ਪ੍ਰਤਾਪ ਸਿੰਘ ਬਾਜਵਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਵੈੱਲ ਆਫ ਦਿ ਹਾਊਸ ਤੋਂ ਚੱਲ ਕੇ ਆਪਣੀ ਸੀਟ ਤੇ ਚਲੇ ਗਏ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਡਿਪਟੀ ਸਪੀਕਰ ਸਾਹਿਬ...

**ਮਾਨਯੋਗ ਡਿਪਟੀ ਸਪੀਕਰ** : ਬਾਜਵਾ ਸਾਹਿਬ, ਪਹਿਲਾਂ ਮੇਰੀ ਬੇਨਤੀ ਸੁਣ ਲਉ। ਮੈਂ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ। (ਸ਼ੋਰ)

(ਇਸ ਸਮੇਂ ਡਾਕਟਰ ਨਛੱਤਰ ਪਾਲ, ਮੈਂਬਰ, ਬਹੁਜਨ ਸਮਾਜ ਪਾਰਟੀ, ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਆਗਿਆ ਮੰਗ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ** : ਨਛੱਤਰ ਪਾਲ ਜੀ, ਇਹ ਮਤਾ ਸਰਵਜੀਤ ਕੌਰ ਮਾਣੂੰਕੇ ਅਤੇ ਕੁਲਵੰਤ ਸਿੰਘ ਪੰਡੋਰੀ ਜੀ ਲੈ ਕੇ ਆਏ ਹਨ। ਪਹਿਲਾਂ ਉਨ੍ਹਾਂ ਦੋਨਾਂ ਨੂੰ ਸਮਾਂ ਮਿਲਣਾ ਹੈ, ਉਸ ਤੋਂ ਬਾਅਦ ਹੀ ਤੁਹਾਨੂੰ ਸਮਾਂ ਦਿੱਤਾ ਜਾਵੇਗਾ। (ਸ਼ੋਰ) ਤੁਹਾਨੂੰ ਸਮਾਂ ਮਿਲੇਗਾ। ਜ਼ਰੂਰ ਮਿਲੇਗਾ। (ਵਿਘਨ)

ਬਾਜਵਾ ਜੀ ਇਸ ਸਮੇਂ ਜਿਹੜੇ ਪੰਜਾਬ ਦੇ ਐਸ.ਸੀ. ਬੱਚੇ ਹਨ, ਉਨ੍ਹਾਂ ਦੀ ਸਕਾਲਰਸ਼ਿਪ ਦੇ ਮੁੱਦੇ ਤੇ ਬਹਿਸ ਚੱਲ ਰਹੀ ਹੈ। ਕੀ ਤੁਸੀਂ ਉਸ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ?(ਵਿਘਨ) ਕੀ ਤੁਹਾਡੀ ਪਾਰਟੀ ਦਾ ਕੋਈ ਵੀ ਨੁਮਾਇੰਦਾ ਐਸ.ਸੀ. ਬੱਚਿਆਂ ਦੀ ਗੱਲ ਨਹੀਂ ਕਰਨਾ ਚਾਹੁੰਦਾ ਕਿ ਉਨ੍ਹਾਂ ਨਾਲ ਧੱਕਾ ਹੋਇਆ ਹੈ? (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੋਰ ਅਤੇ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਪੰਜਾਬ ਦੇ ਐਸ.ਸੀ. ਬੱਚਿਆਂ ਦੇ ਨਾਲ ਹੋਏ ਧੱਕੇ ਬਾਰੇ ਤੁਸੀਂ ਕੁਝ ਨਹੀਂ ਬੋਲਣਾ ਚਾਹੁੰਦੇ? (ਸ਼ੋਰ) ਤੁਸੀਂ ਮੈਨੂੰ ਜਵਾਬ ਦੇ ਦਿਉ ਕਿ ਐਸ.ਸੀ. ਬੱਚਿਆਂ ਨਾਲ ਹੋਏ ਧੱਕੇ ਬਾਰੇ ਤੁਸੀਂ ਕੋਈ ਗੱਲ ਨਹੀਂ ਕਰਨਾ ਚਾਹੁੰਦੇ। ਕੀ ਤੁਹਾਡੀ ਪਾਰਟੀ ਦਾ ਕੋਈ ਵੀ ਵਿਧਾਇਕ ਇਸ ਵਿਸ਼ੇ ਤੇ ਨਹੀਂ ਬੋਲਣਾ ਚਾਹੁੰਦਾ? (ਵਿਘਨ) (ਸ਼ੋਰ) ਜੇਕਰ ਤੁਸੀਂ ਨਹੀਂ ਬੋਲਣਾ ਚਾਹੁੰਦੇ ਤਾਂ ਕਲੀਅਰ ਕਰ ਦਿਉ। (ਸ਼ੋਰ)

(ਇਸ ਸਮੇਂ ਸਰਦਾਰ ਪ੍ਰਤਾਪ ਸਿੰਘ ਬਾਜਵਾ, ਲੀਡਰ ਆਫ ਦਿ ਆਪੋਜ਼ੀਸ਼ਨ ਆਪਣੀ ਸੀਟ ਤੇ ਖੜ੍ਹੇ ਹੋ ਕੇ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਹਾਜ਼ਰ ਮੈਂਬਰ ਅਤੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ। ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਡਿਪਟੀ ਸਪੀਕਰ** : ਕੀ ਤੁਹਾਡੀ ਪਾਰਟੀ ਦਾ ਕੋਈ ਵੀ ਵਿਧਾਇਕ ਐਸ.ਸੀ. ਬੱਚਿਆਂ ਨਾਲ ਹੋਏ ਧੱਕੇ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ?(ਸ਼ੋਰ)ਤੁਸੀਂ ਜਿਹੜੇ ਵੀ ਹਲਕੇ ਵਿੱਚੋਂ ਚੁਣ ਕੇ ਆਏ ਹੀ, ਕੀ ਤੁਹਾਡੇ ਹਲਕੇ ਵਿੱਚ ਕਿਸੇ ਵੀ ਐਸ.ਸੀ. ਬੱਚੇ ਨਾਲ ਧੱਕਾ ਨਹੀਂ ਹੋਇਆ?(ਸ਼ੋਰ) ਬਾਜਵਾ ਸਾਹਿਬ, ਮੇਰੀ ਬੇਨਤੀ ਹੈ ਕਿ ਤੁਹਾਡੀ ਗੱਲ ਜ਼ੀਰੋ ਆਵਰ ਵਿੱਚ ਆ ਚੁੱਕੀ ਹੈ। ਤੁਸੀਂ ਇਸ ਗੱਲ ਦਾ ਜਵਾਬ ਦਿਉ ਕਿ ਤੁਹਾਡੀ ਪਾਰਟੀ ਦੇ ਕਿਸੇ ਵੀ ਮੈਂਬਰ ਦੇ ਹਲਕੇ ਵਿੱਚ ਕਿਸੇ ਐਸ.ਸੀ. ਬੱਚੇ ਨਾਲ ਧੱਕਾ ਨਹੀਂ ਹੋਇਆ? (ਸ਼ੋਰ) (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਕੀ ਐਸ.ਸੀ. ਸਕਾਲਰਸ਼ਿਪ ਪੰਜਾਬ ਦਾ ਮੁੱਦਾ ਨਹੀਂ ਹੈ? (ਵਿਘਨ) ਕੀ ਤੁਸੀਂ ਇਸ ਬਾਰੇ ਗੱਲ ਨਹੀਂ ਕਰਨਾ ਚਾਹੰਦੇ? (ਸ਼ੋਰ)

(ਇਸ ਸਮੇਂ ਸਰਦਾਰ ਪ੍ਰਤਾਪ ਸਿੰਘ ਬਾਜਵਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਦੋਂ ਇਨ੍ਹਾਂ ਸਾਥੀਆਂ ਦਾ ਪੰਜਾਬ ਵਿੱਚ ਰਾਜ ਸੀ,

(*4.05 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਗ.ਕੌ/ਰ.ਕ./ 29-9-2022/4.05

ਜਦੋਂ ਪੰਜਾਬ ਵਿੱਚ ਐਸ.ਸੀ. ਸਕਾਲਰਸ਼ਿਪ ਆਈ ਹੈ ਇਹ ਸਕਾਲਰਸ਼ਿਪ ਲਗਾਤਾਰ ਉਸ ਸਮੇਂ ਤੋਂ ਲੈ ਕੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਮੇਂ ਘਪਲਿਆਂ ਦਾ ਸ਼ਿਕਾਰ ਹੋਈ। ਉਸ ਤੋਂ ਬਾਅਦ ਕਾਂਗਰਸ ਪਾਰਟੀ ਦੇ ਸਾਬਕਾ ਮਨਿਸਟਰ ਜਿਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਰਿਜੈਕਟ ਕੀਤਾ ਉਨ੍ਹਾਂ ਦੇ ਸਮੇਂ ਦੌਰਾਨ ਪੰਜਾਬ ਵਿੱਚ ਪੰਜਾਬ ਦੇ ਦਲਿਤ ਵਿਦਿਆਰਥੀਆਂ ਦਾ ਪੰਜਾਬ ਦੇ ਗਰੀਬ ਵਿਦਿਆਰਥੀਆਂ ਦਾ ਲਗਭਗ 64 ਕਰੋੜ ਰੁਪਿਆ ਇਨ੍ਹਾਂ ਦੇ ਸਾਥੀਆਂ ਨੇ ਖਾਧਾ। ਬੇਸ਼ੱਕ ਅੱਜ ਉਹ ਜੇਲ੍ਹ ਤੋਂ ਬਾਹਰ ਆ ਗਏ ਹਨ। ਮਾਨਯੋਗ ਮੁੱਖ ਮੰਤਰੀ, ਸ਼੍ਰੀ ਭਗਵੰਤ ਮਾਨ ਜੀ ਨੇ ਉਸ ਦੀ ਇਨਕੁਆਰੀ ਦੀ ਸ਼ੁਰੂਆਤ ਕਰਵਾਈ ਸੀ। ਪੰਜਾਬ ਵਿੱਚ ਪੰਜਾਬ ਦੇ

ਦਲਿਤਾਂ ਦਾ ਬਹੁਤ ਹੀ ਅਹਿਮ ਮਸਲਾ ਚੱਲ ਰਿਹਾ ਹੈ ਪਰ ਮੈਂ ਸਮਝਦਾ ਹਾਂ ਕਿ ਅੱਜ ਕਾਂਗਰਸ ਪਾਰਟੀ ਦਲਿਤ ਵਿਰੋਧੀ ਹੋਣ ਦਾ ਚਿੱਟਾ ਨੰਗਾ ਸਬੂਤ ਪੇਸ਼ ਕਰ ਰਹੀ ਹੈ ਕਿਉਂਕਿ ਇਹ ਆਪਣੇ ਸਾਬਕਾ ਵਜ਼ੀਰ ਨੂੰ ਬਚਾ ਰਹੇ ਹਨ। ਉਸ ਨੂੰ ਬਚਾਉਣ ਦਾ ਯਤਨ ਕਰ ਰਹੇ ਹਨ। ਪੰਜਾਬ ਵਿੱਚ ਜਦੋਂ ਦੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਆਈ ਹੈ ਆਉਂਦੇ ਸਾਰ ਹੀ ਸਰਕਾਰ ਨੇ ਆਪਣੇ ਬਣਦੇ ਹਿੱਸੇ ਦੇ ਪੈਸੇ ਦਲਿਤ ਵਿਦਿਆਰਥੀਆਂ ਦੇ ਖਾਤੇ ਵਿੱਚ ਭੇਜ ਦਿੱਤੇ ਹਨ। ਅੱਜ ਇਹ ਆਪਣੇ ਸਾਬਕਾ ਵਜ਼ੀਰ ਨੂੰ ਬਚਾਉਣ ਲਈ ਤਰਲੋ ਮੱਛੀ ਹੋ ਰਹੇ ਹਨ। ਅੱਜ ਪੰਜਾਬ ਦੇ ਲੱਖਾਂ ਹੀ ਦਲਿਤ ਵਿਦਿਆਰਥੀਆਂ ਦੀਆਂ ਡਿਗਰੀਆਂ ਜਿਹੜੀਆਂ ਕਾਂਗਰਸ ਪਾਰਟੀ ਦੇ ਰਾਜ ਦੇ ਸਮੇਂ ਰੋਕੀਆਂ ਗਈਆਂ ਉਸ ਅਤਿ ਸੰਵੇਦਨਸ਼ੀਲ ਮੁੱਦੇ ਦੇ ਉੱਤੇ ਕਾਂਗਰਸ ਪਾਰਟੀ ਬਹਿਸ ਕਰਨ ਤੋਂ ਭੱਜ ਰਹੀ ਹੈ। ਪੰਜਾਬ ਦੇ ਲੋਕਾਂ ਸਾਹਮਣੇ ਇਨ੍ਹਾਂ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋ ਰਿਹਾ ਹੈ। ਅਸੀਂ ਸਾਰਥਕ ਮੁੱਦਿਆਂ ਤੇ ਚਰਚਾ ਕਰਨ ਲਈ ਤਿਆਰ ਹਾਂ ਲੇਕਿਨ ਇਹ ਸਾਡੀ ਅੱਖ ਵਿੱਚ ਅੱਖ ਪਾ ਕੇ ਗੱਲ ਨਹੀਂ ਕਰਨਾ ਚਾਹੁੰਦੇ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਜਾਂ ਤਾਂ ਬਿਠਾਇਆ ਜਾਵੇ ਜਾਂ ਫਿਰ ਸਦਨ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ ਤਾਂ ਕਿ ਹਾਊਸ ਪਰਾਪਰਲੀ ਕੰਮ ਕਰ ਸਕੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਧੰਨਵਾਦ ਜੀ।

**ਮਾਨਯੋਗ ਸਪੀਕਰ:** ਮੇਰੇ ਕੋਲ ਇੱਕ ਬੱਚੀ ਆਈ ਸੀ ਜਿਸ ਨੇ ਨਰਸਿੰਗ ਕੀਤੀ ਸੀ। ਉਸ ਦੇ 90% ਨੰਬਰ ਆ ਗਏ। ਕਾਲਜ ਦੇ ਪ੍ਰਬੰਧਕ ਉਸ ਦਾ ਸਰਟੀਫਿਕੇਟ ਨਹੀਂ ਦੇ ਰਹੇ ਸਨ। ਉਸ ਦੇ ਪਰਿਵਾਰ ਨੇ, ਉਸ ਦੇ ਪਿਓ ਨੇ ਦਿਹਾੜੀਆਂ ਕਰਕੇ ਉਸ ਨੂੰ ਪੜ੍ਹਾਇਆ ਸੀ ਲੇਕਿਨ ਉਸ ਦਾ ਕਸੂਰ ਸਿਰਫ ਇਹ ਸੀ ਕਿ ਪੁਰਾਣੀ ਸਰਕਾਰ ਵੱਲੋਂ ਫੀਸ ਨਹੀਂ ਦਿੱਤੀ ਗਈ। ਉਹ ਮਸਲੇ ਹੱਲ ਕਰਨ ਲਈ ਮਤਾ ਲਿਆਂਦਾ ਗਿਆ ਹੈ। ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਉ। ਮੈਨੂੰ ਤੁਹਾਡੇ ਤੇ ਤਰਸ ਆ ਰਿਹਾ ਹੈ। ਆਪਣੀਆਂ ਸੀਟਾਂ ਤੇ ਬੈਠੋ। ਹਾਂ ਜੀ, ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਮਾਨਯੋਗ ਸਪੀਕਰ ਸਾਹਿਬ, ਅੱਜ ਭੈਣ ਮਾਣੂੰਕੇ ਜੀ ਅਤੇ ਕੁਲਵੰਤ ਸਿੰਘ ਪੰਡੋਰੀ ਜੀ ਨੇ ਸਦਨ ਅੰਦਰ ਮਤਾ ਲਿਆਂਦਾ ਹੈ, ਇਹ ਬਹੁਤ ਅਹਿਮ ਮਤਾ ਹੈ। ਜਿਹੜਾ ਆਦਮੀ, ਜਿਹੜਾ ਐਮ.ਐਲ.ਏ. ਅੱਜ ਦਲਿਤ ਵਿਦਿਆਰਥੀਆਂ ਦੇ ਹੱਕਾਂ ਤੇ ਰੌਲਾ ਪਾਵੇਗਾ ਉਸ ਦੀ ਸਾਰੇ ਪੰਜਾਬ ਤੱਕ ਗੱਲ ਜਾਣੀ ਚਾਹੀਦੀ ਹੈ ਕਿ ਉਹ ਦਲਿਤ ਵਿਰੋਧੀ ਹੈ (ਥੰਪਿੰਗ) ਪੰਜਾਬ ਦਾ 38% ਦਲਿਤ ਜਿਨ੍ਹਾਂ ਦੇ ਇਸ਼ੂ, ਜਿਨ੍ਹਾਂ ਦੇ ਮਸਲੇ ਪੰਜਾਬ ਦੀ ਵਿਧਾਨ ਸਭਾ ਵਿੱਚ ਚੁੱਕੇ ਜਾ ਰਹੇ ਹਨ ਅੱਜ ਇਹ ਉਨ੍ਹਾਂ ਦੇ ਖਿਲਾਫ ਸੁਣ ਨਹੀਂ ਰਹੇ। ਦਲਿਤਾਂ ਦੇ ਹੱਕਾਂ ਦੀ ਗੱਲ ਨਹੀਂ ਹੋਣ ਦੇ ਰਹੇ। ਇਹ ਜਿਹੜੇ ਲੋਕ ਰੌਲਾ ਪਾਉਂਦੇ ਹਨ, ਸਪੀਕਰ ਸਾਹਿਬ,

ਮੈਂ ਅਪੀਲ ਕਰਾਂਗਾ ਕਿ ਜਿਹੜੇ ਦਲਿਤ ਵਿਰੋਧੀ ਲੋਕ ਹਨ ਉਨ੍ਹਾਂ ਨੂੰ ਸਦਨ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ ਤਾਂ ਕਿ ਇਸ ਮਤੇ ਤੇ ਡਿਸਕਸ਼ਨ ਹੋ ਸਕੇ। ਪੰਜਾਬ ਦੇ ਅੰਦਰ 4 ਲੱਖ ਵਿਦਿਆਰਥੀ ਡਿਗਰੀਆਂ ਤੋਂ ਵਾਂਝੇ ਹਨ ਜਿਨ੍ਹਾਂ ਨੂੰ ਡਿਗਰੀਆਂ ਨਹੀਂ ਮਿਲ ਰਹੀਆਂ, ਗਰੀਬ ਵਿਦਿਆਰਥੀ ਯੂਨੀਵਰਸਿਟੀਆਂ ਦੇ ਅੰਦਰ ਰੋ ਰਹੇ ਹਨ। ਉਨ੍ਹਾਂ ਦੇ ਰੋਲ ਨੰਬਰ ਰੋਕੇ ਗਏ ਹਨ। ਉਨ੍ਹਾਂ ਨੂੰ ਡਿਗਰੀਆਂ ਨਹੀਂ ਦਿੱਤੀਆਂ ਗਈਆਂ। ਅੱਜ ਲੱਖਾਂ ਵਿਦਿਆਰਥੀ ਡਿਗਰੀਆਂ ਤੋਂ ਵਾਂਝੇ ਹਨ। ਇਸ ਅਹਿਮ ਮਸਲੇ ਤੇ ਡਿਸਕਸ ਕਰਨ ਲਈ ਅੱਜ ਸਦਨ ਦੇ ਅੰਦਰ ਮਤਾ ਆਇਆ ਹੈ। ਮੈਂ ਸਮਝਦਾ ਹਾਂ ਕਿ ਇਹ ਸਰਕਾਰੀ ਮਤਾ ਹੋਣਾ ਚਾਹੀਦਾ ਹੈ। ਜਿਹੜੇ ਲੋਕ ਇਸ ਵਿੱਚ ਵਿਘਨ ਪਾਉਂਦੇ ਹਨ ਉਹ ਦਲਿਤ ਵਿਰੋਧੀ ਹਨ। ਦਲਿਤਾਂ ਨੂੰ ਉਨ੍ਹਾਂ ਦੀ ਪਛਾਣ ਕਰਨੀ ਚਾਹੀਦੀ ਹੈ। 38% ਦਲਿਤ ਅਤੇ 40% ਬੈਕਵਾਰਡ ਪੱਛੜੀਆਂ ਸ਼੍ਰੇਣੀਆਂ, ਜਿਨ੍ਹਾਂ ਦੇ ਬੱਚੇ ਇਸ ਸਕੀਮ ਰਾਹੀਂ ਪੜ੍ਹਦੇ ਹਨ ਜਿਹੜੇ ਅੱਜ ਸਿੱਖਿਆ ਤੋਂ ਵਾਂਝੇ ਹਨ। 1600 ਕਰੋੜ ਰੁਪਿਆ ਇਨ੍ਹਾਂ ਦੀ ਸਰਕਾਰਾਂ ਦੇ ਸਮੇਂ ਯੂਨੀਵਰਸਿਟੀਆਂ ਨੂੰ ਨਹੀਂ ਦਿੱਤਾ ਗਿਆ। ਇਨ੍ਹਾਂ ਦੇ ਮੰਤਰੀ ਘੁਟਾਲੇ ਕਰ ਗਏ। ਉਨ੍ਹਾਂ ਦੇ ਖਿਲਾਫ ਕਾਰਵਾਈਆਂ ਹੋ ਰਹੀਆਂ ਹਨ

4.10 ਕ.ਕ/ਮੋ.ਸ਼ 29.09.2022

ਵਿਦਿਆਰਥੀ ਅਤੇ ਉਨ੍ਹਾਂ ਦੇ ਮਾਂ-ਬਾਪ ਦਰ-ਦਰ ਧੱਕੇ ਖਾ ਰਹੇ ਹਨ। ਅੱਜ ਇੱਕ ਅਹਿਮ ਵਿਸ਼ੇ ਤੇ ਡਿਸਕਸ਼ਨ ਹੋਣ ਲੱਗੀ ਹੈ, ਇਸ ਵਿੱਚ ਇਨ੍ਹਾਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਨੂੰ ਸਾਥ ਦੇਣਾ ਚਾਹੀਦਾ ਹੈ। ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਦਲਿਤਾਂ ਨਾਲ ਸਮੇਂ-ਸਮੇਂ ਤੇ ਧੱਕੇ ਕੀਤੇ ਹਨ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਇੱਕ ਮਿੰਟ ਜੀ। ਸਿਹਤ ਮੰਤਰੀ ਜੀ ਖੜ੍ਹੇ ਹਨ। ਸਰਦਾਰ ਚੇਤਨ ਸਿੰਘ ਜੌੜਾਮਾਜਰਾ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਚੇਤਨ ਸਿੰਘ ਜੌੜਾਮਾਜਰਾ):** ਮਾਨਯੋਗ ਸਪੀਕਰ ਸਾਹਿਬ, ਅੱਜ ਉਹ ਪਾਰਟੀ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ) ਮਗਰਮੱਛ ਦੇ ਹੰਝੂ ਵਹਾ ਰਹੀ ਹੈ, ਜਿਸ ਦਾ ਮਨਿਸਟਰ ਕਰੋੜਾਂ ਰੁਪਏ ਐਸ.ਸੀ. ਬੱਚਿਆਂ ਦੀ ਸਕਾਲਰਸ਼ਿਪ ਦੇ ਖਾ ਕੇ ਡਕਾਰ ਵੀ ਨਹੀਂ ਮਾਰਿਆ। ਅਸੀਂ ਕਿੰਨੇ ਹੀ ਦਿਨ ਉਨ੍ਹਾਂ ਦੇ ਦਰਵਾਜ਼ੇ ਮੂਹਰੇ ਧਰਨਾ ਲਾ ਕੇ ਰੱਖਿਆ ਪਰ ਇਨ੍ਹਾਂ ਦੇ ਮੁੱਖ ਮੰਤਰੀ ਨੇ ਉਸ ਦੇ ਖਿਲਾਫ ਇੱਕ ਵੀ ਸ਼ਬਦ ਨਹੀਂ ਕਿਹਾ ਸੀ ਜਿਸ ਨੇ ਐਸ.ਸੀ. ਬੱਚਿਆਂ ਦੀ ਸਕਾਲਰਸ਼ਿਪ ਖਾਧੀ ਸੀ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ, ਮਸ਼ਕੂਰ ਹਾਂ ਕਿ ਤੁਸੀਂ ਇੱਕ ਬਹੁਤ ਹੀ ਅਹਿਮ ਮਸਲੇ ਤੇ ਬੋਲਣ ਲਈ ਮੈਨੂੰ ਸਮਾਂ ਦਿੱਤਾ ਹੈ।(ਵਿਘਨ) (ਸ਼ੋਰ) ਪਿਛਲੇ ਸਾਲਾਂ ਵਿੱਚ ਇਨ੍ਹਾਂ ਗਰੀਬ ਲੋਕਾਂ ਦੇ ਮਸਲੇ ਕਦੇ ਵੀ ਸਦਨ ਦੇ ਅੰਦਰ ਨਹੀਂ ਉਠਾਏ ਗਏ। ਅੱਜ ਤੁਸੀਂ ਮੌਕਾ ਦਿੱਤਾ ਹੈ, ਅੱਜ ਸਦਨ ਦੇ ਅੰਦਰ ਐਸ.ਸੀ. ਵਿਦਿਆਰਥੀਆਂ ਦਾ ਮਾਮਲਾ ਆਇਆ ਹੈ। ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ। ਮੈਂ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਯੂਨੀਵਰਸਿਟੀਆਂ ਅਤੇ ਜਿਹੜੇ ਕਾਲਜ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕ ਕੇ ਬੈਠੇ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਦੀ ਐਫਲੀਏਸ਼ਨ ਕੈਂਸਲ ਹੋਣੀ ਚਾਹੀਦੀ ਹੈ। ਜਿਹੜੀਆਂ ਯੂਨੀਵਰਸਿਟੀਆਂ ਨੇ ਵਿਦਿਆਰਥੀਆਂ ਦੇ ਨਾਲ ਖਿਲਵਾੜ ਕੀਤਾ ਹੈ, ਅੱਜ ਵੀ ਉਹ ਬੱਚੇ ਦਰ-ਦਰ ਭਟਕ ਰਹੇ ਹਨ।

**ਮਾਨਯੋਗ ਸਪੀਕਰ:** ਥੈਂਕ ਯੂ ਜੀ। ਸ਼੍ਰੀ ਬੁੱਧ ਰਾਮ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਮਾਨਯੋਗ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਬਹੁਤ ਅਹਿਮ ਮੁੱਦੇ ਦੇ ਉੱਤੇ ਪੰਜਾਬ ਵਿਧਾਨ ਸਭਾ ਵਿੱਚ ਡਿਸਕਸ਼ਨ ਹੋਣੀ ਸੀ। ਅੱਜ ਵੀਰਵਾਰ ਦਾ ਦਿਨ ਹੈ, ਅੱਜ ਗੈਰ ਸਰਕਾਰੀ ਮਤੇ ਦੇ ਉੱਤੇ ਇਨ੍ਹਾਂ ਵਿਰੋਧੀ ਪਾਰਟੀਆਂ ਨੇ ਆਪਣੀਆਂ ਗੱਲਾਂ ਕਰਨੀਆਂ ਸੀ। ਬੜੀ ਸ਼ਰਮ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਚਾਹੁੰਦੀ ਹੈ ਕਿ ਇਹ ਇਸ ਵਿਧਾਨ ਸਭਾ ਦੇ ਸੈਸ਼ਨ ਨੂੰ ਆਪਣੇ ਮੁਤਾਬਕ ਚਲਾਉਣ। ਇਹ ਇਨ੍ਹਾਂ ਦਾ ਰਾਜ ਨਹੀਂ ਹੈ। ਇਹ ਸਦਨ ਸੰਵਿਧਾਨ ਮੁਤਾਬਕ ਚਲਦਾ ਹੈ। ਜੇਕਰ ਵਿਧਾਨ ਸਭਾ ਚਲਦੀ ਹੈ ਤਾਂ ਬਾਬਾ ਸਾਹਿਬ ਡਾ. ਅੰਬੇਦਕਰ ਦੇ ਬਣਾਏ ਸੰਵਿਧਾਨ ਮੁਤਾਬਕ ਚਲਦੀ ਹੈ। ਅੱਜ ਅਸੀਂ ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਸਬੰਧੀ ਗੱਲ ਕਰਨੀ ਸੀ। ਇਨ੍ਹਾਂ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ। (ਵਿਘਨ)(ਸ਼ੋਰ) ਉੱਥੇ ਹੀ ਇਹ ਭਾਰਤੀ ਸੰਵਿਧਾਨ ਸੰਵਿਧਾਨ ਦੇ ਖਿਲਾਫ ਵੀ ਬੋਲ ਰਹੇ ਹਨ। ਕਾਂਗਰਸ ਪਾਰਟੀ ਭਾਰਤੀ ਸੰਵਿਧਾਨ ਨੂੰ ਬਿਲਕੁਲ ਵੀ ਨਹੀਂ ਮੰਨਦੀ ਹੈ। ਇਸ ਗੱਲ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਨੀ ਬਣਦੀ ਹੈ। ਸਤਿਕਾਰਯੋਗ ਸਪੀਕਰ ਸਾਹਿਬ, ਅਸੀਂ ਵੇਖਿਆ ਹੈ ਕਿ ਸਾਲ 2017 ਤੋਂ ਲੈ ਕੇ ਸਾਲ 2022 ਤੱਕ 1,22,000 ਬੱਚਾ ਵਜ਼ੀਫਾ ਨਾ ਮਿਲਣ ਕਰਕੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚੋਂ ਇੱਕ ਪਾਸੇ ਹੋ ਗਿਆ ਸੀ। ਬੱਚਿਆਂ ਨਾਲ ਬਹੁਤ ਵੱਡਾ ਧੋਖਾ ਕੀਤਾ ਗਿਆ ਹੈ। ਅੱਜ ਵਿਦਿਆਰਥੀਆਂ ਦੇ ਵਜ਼ੀਫਿਆਂ ਦੀ ਗੱਲ ਕਰਨੀ ਸੀ ਕਿ ਜਿਹੜੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੇ ਦਲਿਤ

ਵਿਦਿਆਰਥੀਆਂ ਦੇ ਵਜ਼ੀਫੇ ਨਾ ਮਿਲਣ ਕਰਕੇ ਪਿਛਲੀਆਂ ਸਰਕਾਰਾਂ ਸਮੇਂ ਡਿਗਰੀਆਂ ਅਤੇ ਸਰਟੀਫਿਕੇਟ ਰੋਕੇ ਹਨ। ਵਜ਼ੀਫਾ ਖਾਣ ਵਾਲੇ ਬੰਦੇ ਵਜ਼ੀਫੇ ਦੀ ਗੱਲ ਕਿਸ ਤਰ੍ਹਾਂ ਕਰ ਸਕਦੇ ਹਨ। ਵੜਿੰਗ ਸਾਹਿਬ ਮੇਰੇ ਵੱਲ ਦੇਖ ਰਹੇ ਹਨ। ਇਨ੍ਹਾਂ ਨੂੰ ਇਸ ਗੱਲ ਦੀ ਸ਼ਰਮ ਆਉਣੀ ਚਾਹੀਦੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਤਿਕਾਰਯੋਗ ਸਪੀਕਰ ਸਾਹਿਬ, ਤੁਸੀਂ ਇਸ ਸਦਨ ਦੇ ਕਸਟੋਡੀਅਨ ਹੋ। ਅੱਜ ਅਸੀਂ ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਸਬੰਧੀ ਬਹੁਤ ਅਹਿਮ ਮੁੱਦੇ ਤੇ ਗੱਲ ਕਰਨੀ ਸੀ। ਇਸ ਦੇ ਨਾਲ ਹੀ ਖੇਡਾਂ ਵਤਨ ਪੰਜਾਬ ਦੀਆਂ ਮੁੱਦੇ ਤੇ ਵੀ ਗੱਲ ਕਰਨੀ ਸੀ। (ਵਿਘਨ)(ਸ਼ੋਰ) ਪੰਜਾਬ ਦੇ ਬੱਚਿਆਂ ਨੇ 22 ਖੇਡਾਂ ਦੇ ਵਿੱਚ ਹਿੱਸਾ ਲੈ ਕੇ ਹੁਣ 28 ਖੇਡਾਂ ਦੇ ਵਿੱਚ ਪੰਜਾਬ ਦਾ ਨਾਂਅ ਰੌਸ਼ਨ ਕਰਨਾ ਸੀ। ਅੱਜ ਪਰਾਲੀ ਦੇ ਮੁੱਦੇ ਤੇ ਗੱਲ ਹੋਣੀ ਸੀ। (ਵਿਘਨ)(ਸ਼ੋਰ) ਅੱਜ ਪੰਜਾਬ ਦੇ ਲੋਕ ਪਰਾਲੀ ਕਰਕੇ ਜਿੱਥੇ ਮਾਨਸਿਕ ਅਤੇ ਸਰੀਰਿਕ ਤੌਰ ਤੇ ਨੁਕਸਾਨ ਝੱਲ ਰਹੇ ਹਨ, ਇਸ ਸਬੰਧੀ ਵੀ ਗੱਲ ਕੀਤੀ ਜਾਣੀ ਸੀ। ਅੱਜ ਪੰਜਾਬ ਦੇ ਦੁੱਖਾਂ ਦਰਦਾਂ ਦੀ ਗੱਲ ਨੂੰ ਭੁੱਲ ਕੇ ਅੱਜ ਇਹ ਲੋਕ ਇੱਥੇ ਤਾੜੀਆਂ ਮਾਰ ਰਹੇ ਹਨ। ਅੱਜ ਇੱਥੇ ਲਲਕਾਰੇ ਮਾਰ ਰਹੇ ਹਨ।

4.15/ਪ.ਸ਼/ਮੋਨਿਕਾ ਸ਼ਰਮਾ

ਤੁਸੀਂ ਇਹ ਦੱਸੋ ਕਿ ਕੀ ਇਹ ਗੱਲਾਂ ਕੋਈ ਚੁਣੇ ਹੋਏ ਨੁਮਾਇੰਦਿਆਂ ਦੀ ਹੈ? ਇਹ ਕਹਿੰਦੇ ਸਨ ਕਿ ਅਸੀਂ ਤਿੰਨ ਚਾਰ ਵਾਰੀ ਜਿੱਤ ਕੇ ਆਏ ਹਨ, ਇਸ ਕਰਕੇ ਸਾਨੂੰ ਕਾਇਦੇ ਕਾਨੂੰਨਾਂ ਬਾਰੇ ਪਤਾ ਹੈ ਪਰੰਤੂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕਾਇਦੇ ਕਾਨੂੰਨ ਤੁਹਾਡੇ ਹਨ, ਰੱਬ ਸਾਨੂੰ ਨਾ ਸਿਖਾਵੇ। ਤੁਸੀਂ ਵਜ਼ੀਫਾ ਖਾਣ ਵਾਲੇ ਬੰਦੇ ਹੋ। ਅਸੀਂ ਵਜ਼ੀਫਾ ਨਹੀਂ ਖਾਂਦੇ। ਕੇਂਦਰ ਦੀ ਸਰਕਾਰ ਵੱਲੋਂ 1 ਹਜ਼ਾਰ 70 ਕਰੋੜ ਰੁਪਿਆ ਕਿਸਾਨਾਂ ਲਈ ਰੋਟਾਵੇਟਰ ਜਾਂ ਹੱਲ ਖਰੀਦਣ ਵਾਸਤੇ ਆਇਆ ਪਰ ਇਹ ਸਾਰੇ ਪੈਸੇ ਖਾ ਲਏ ਗਏ। ਇਹ ਗੱਲ ਅਸੀਂ ਨਹੀਂ ਕਹਿ ਰਹੇ, ਉਸ ਕੇਸ ਦੇ ਵਿੱਚ ਸੰਗਤ ਸਿੰਘ ਗਿਲਜੀਆਂ ਫਸਿਆ ਪਿਆ ਹੈ। ਉਸ ਤੋਂ ਬਾਅਦ ਟਰਾਂਸਪੋਰਟ ਘਪਲੇ ਦੇ ਵਿੱਚ ਅੱਜੇ ਵੀ ਇਨ੍ਹਾਂ ਦਾ ਮੰਤਰੀ ਆਸ਼ੂ ਜੇਲ੍ਹ ਵਿੱਚ ਬੰਦ ਹੈ। ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੇ ਰੇਤਾ ਬਜਰੀ ਦੇ ਵਿੱਚ ਅੰਨ੍ਹੀ ਲੁੱਟ ਕੀਤੀ, ਇਨ੍ਹਾਂ ਨੇ ਹਰੇਕ ਥਾਂ ਤੇ ਲੁੱਟ ਕੀਤੀ। ਇਨ੍ਹਾਂ ਨੇ ਪੰਜਾਬ ਦਾ ਕਰਜ਼ਾ 1 ਲੱਖ ਕਰੋੜ ਰੁਪਿਆ ਕਰ ਦਿੱਤਾ। ਇਨ੍ਹਾਂ ਨੂੰ ਅੱਜ ਪੰਜਾਬ ਦੇ ਵਿਕਾਸ ਵਾਸਤੇ ਗੱਲਾਂ ਕਰਨੀਆਂ ਚਾਹੀਦੀਆਂ ਸਨ। ਅੱਜ ਲੋਕਾਂ ਨੂੰ ਇਸ ਗੱਲ ਦਾ ਮਾਣ ਅਤੇ ਫਖਰ ਹੈ ਕਿ ਇੱਕ ਇਮਾਨਦਾਰ ਸਰਕਾਰ ਆਈ ਹੈ, ਜਿਹੜੀ ਉਨ੍ਹਾਂ ਦੇ ਭਲੇ ਦੇ ਬਾਰੇ ਸੋਚਦੀ ਹੈ ਤਾਂ ਇਨ੍ਹਾਂ ਨੂੰ ਮਿਰਚਾਂ ਕਿਉਂ ਲੱਗ ਰਹੀ ਹੈ। ਅੱਜ ਭਗਵੰਤ ਮਾਨ ਦੀ ਸਰਕਾਰ ਤੇ ਲੋਕਾਂ/ਵਿਦਿਆਰਥੀਆਂ/ਮਜ਼ਦੂਰਾਂ/ਵਪਾਰੀਆਂ ਨੂੰ ਤਸੱਲੀ ਹੋਈ ਹੈ ਕਿ ਸਾਡੇ ਭਲੇ ਦੇ ਲਈ ਇਹ ਸਰਕਾਰ ਕੁਝ ਨਾ ਕੁਝ ਕਰੇਗੀ ਔਰ ਕਰ ਵੀ ਰਹੀ ਹੈ। ਜਿੱਥੇ ਬਿਜਲੀ ਸਬੰਧੀ ਲੋਕਾਂ ਵਿੱਚ ਤ੍ਰਾਹੀ-ਤ੍ਰਾਹੀ ਮੱਚੀ ਹੋਈ ਸੀ, ਹਰ 02 ਮਹੀਨਿਆਂ ਬਾਅਦ ਲੱਗਦਾ ਸੀ ਕਿ ਮੇਰੀ ਜੇਬ ਖਾਲੀ ਹੋ ਜਾਵੇਗੀ ਅਤੇ 20-25 ਹਜ਼ਾਰ ਰੁਪਏ ਨਿਕਲਣ ਵਾਲੇ

ਹਨ, ਅੱਜ 21 ਲੱਖ ਲੋਕਾਂ ਦਾ ਬਿਲ ਜ਼ੀਰੋ ਆਇਆ ਹੈ ਅਤੇ ਆਉਣ ਵਾਲੇ ਮਹੀਨਿਆਂ ਦੇ ਵਿੱਚ 51 ਲੱਖ ਲੋਕਾਂ ਦਾ ਜ਼ੀਰੋ ਬਿਲ ਆ ਰਿਹਾ ਹੈ। ਇਹ ਬਹੁਤ ਵੱਡੀ ਪ੍ਰਾਪਤੀ ਹੈ। ਅੱਜ ਹੈਲਥ ਸਿਸਟਮ ਦੇ ਵਿੱਚ ਇਨਕਲਾਬੀ ਤਬਦੀਲੀਆਂ ਆ ਰਹੀਆਂ ਹਨ। ਮੁਹੱਲਾ ਕਲੀਨਿਕ ਬਣਦੇ ਜਾ ਰਹੇ ਹਨ। ਅੱਜ ਦਫਤਰਾਂ ਦੇ ਵਿੱਚ ਅਫਸਰਸ਼ਾਹੀ ਸਮੇਂ ਤੇ ਆ ਕੇ ਆਪਣਾ ਕੰਮ ਕਰ ਰਹੀ ਹੈ ਅਤੇ ਲੋਕਾਂ ਦੇ ਬਿਨਾਂ ਪੈਸੇ ਕੰਮ ਹੋ ਰਹੇ ਹਨ। ਬਸ, ਇਨ੍ਹਾਂ ਨੂੰ ਇਹ ਹੀ ਗੱਲ ਚੁੱਭਦੀ ਹੈ। ਇਨ੍ਹਾਂ ਦੇ ਸਮੇਂ ਦੇ ਵਿੱਚ ਖਜ਼ਾਨੇ ਦਾ ਪੈਸਾ ਇਨ੍ਹਾਂ ਦੇ ਢਿੱਡਾਂ ਦੇ ਵਿੱਚ ਜਾਂਦਾ ਸੀ ਪਰੰਤੂ ਅੱਜ ਇਹ ਸਾਰਾ ਪੈਸਾ ਲੋਕਾਂ ਦੇ ਹਿੱਤਾਂ ਤੇ ਲੱਗ ਰਿਹਾ ਹੈ। ਬਸ, ਇਨ੍ਹਾਂ ਨੂੰ ਇਹ ਹੀ ਤਕਲੀਫ ਹੈ। ਇਹ ਤਾੜੀਆਂ ਇਸੇ ਗੱਲ ਦੀ ਮਾਰ ਰਹੇ ਹਨ ਕਿ ਇਮਾਨਦਾਰ ਸਰਕਾਰ ਕਿਉਂ ਆ ਗਈ ਹੈ।

( ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸ਼੍ਰੀ ਵਿਕਰਮਜੀਤ ਸਿੰਘ ਚੌਧਰੀ ਫਲੌਰ ਆਫ ਦਿ ਹਾਊਸ ਕਰਾਸ ਕਰਨ ਦੀ ਕੋਸ਼ਿਸ਼ ਕਰ ਰਹੇ ਸਨ)

**ਮਾਨਯੋਗ ਸਪੀਕਰ**: ਜਿਹੜੇ ਮੈਂਬਰ ਫਲੋਰ ਕਰਾਸ ਕਰ ਗਏ ਹਨ, ਉਨ੍ਹਾਂ ਦੇ ਖਿਲਾਫ ਸਦਨ ਵੱਲੋਂ ਕਾਰਵਾਈ ਕੀਤੀ ਜਾਵੇਗੀ। (ਵਿਘਨ) (ਸ਼ੋਰ) ਕਰੋ, ਤੁਸੀਂ ਫਲੋਰ ਕਰਾਸ ਕਰੋ, ਫਲੋਰ ਕਰਾਸ ਕਰੋ। ਕਰੋ, ਕਰੋ।

**ਸ਼੍ਰੀ ਬੁੱਧ ਰਾਮ:** ਇਹ ਸੰਵਿਧਾਨ ਵਿਰੋਧੀ ਬੰਦੇ ਹਨ। ਇਹ ਸੰਵਿਧਾਨ ਦਾ ਵਿਰੋਧ ਕਰਦੇ ਹਨ। ਇਸ ਲਈ ਇਨ੍ਹਾਂ ਖਿਲਾਫ ਕਾਰਵਾਈ ਕਰਨੀ ਬਣਦੀ ਹੈ। ਇਹ ਗਰੀਬਾਂ ਦਾ ਵਿਰੋਧ ਕਰਨ ਵਾਲੀ ਕਾਂਗਰਸ ਸਰਕਾਰ ਹੈ।

**ਮਾਨਯੋਗ ਸਪੀਕਰ**: ਮੈਂ ਸਦਨ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਅਗਾਹ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਸਦਨ ਦੇ ਨਿਯਮ ਹਨ, ਜੇਕਰ ਤੁਸੀਂ ਉਨ੍ਹਾਂ ਨੂੰ ਤੋੜੋਗੇ ਤਾਂ ਫਿਰ ਕਾਰਵਾਈ ਵੀ ਹੋਵੇਗੀ ਔਰ ਜਿਨ੍ਹਾਂ ਮੈਂਬਰਾਂ ਨੇ ਫਲੋਰ ਕਰਾਸ ਕੀਤੀ ਹੈ, ਉਨ੍ਹਾਂ ਦੇ ਨਾਂਅ ਚੇਅਰ ਨੂੰ ਭੇਜੇ ਜਾਣ। (ਵਿਘਨ) (ਸ਼ੋਰ)।

**ਸ਼੍ਰੀ ਬੁੱਧ ਰਾਮ:** ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਜਿਹੜੇ ਵੀ ਕੋਈ ਕਾਇਦੇ ਕਾਨੂੰਨ ਹਨ, ਉਨ੍ਹਾਂ ਨੂੰ ਸਾਡੇ ਲੋਕ ਚੰਗੀ ਤਰ੍ਹਾਂ ਸਮਝਦੇ ਹਨ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਚੰਗੀ ਤਰ੍ਹਾਂ ਸਮਝਦੀ ਹੈ। ਸਾਡੇ ਮੁੱਖ ਮੰਤਰੀ ਸਾਹਿਬ ਅਤੇ ਸਾਰੇ ਸਾਰੇ ਮੰਤਰੀ ਸਾਹਿਬ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਅਸੀਂ ਪੰਜਾਬ ਵਿਧਾਨ ਸਭਾ ਦੀ ਰੂਲ ਬੁੱਕ ਵੀ ਪੜ੍ਹੀ ਹੈ। ਅਸੀਂ ਸੰਵਿਧਾਨ ਵੀ ਪੜ੍ਹਿਆ ਹੈ। ਅਸੀਂ ਪੜ੍ਹੇ ਲਿਖੇ ਹਾਂ। ਇਸ ਕਰਕੇ ਸਾਨੂੰ ਪਤਾ ਹੈ ਕਿ ਸੰਵਿਧਾਨ ਦੇ ਵਿੱਚ ਰਹਿ ਕੇ ਕਿਹੜੇ ਕੰਮ ਕਰਨੇ ਹਨ। ਅਸੀਂ 05 ਸਾਲ ਆਪੋਜ਼ੀਸ਼ਨ ਦੇ ਵਿੱਚ ਰਹੇ ਸੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ, ਉਦੋਂ ਤਸੀਂ ਵੀ ਇੱਥੇ ਬੈਠੇ ਸਨ, ਸਾਲ 2018 ਦੇ

ਵਿੱਚ ਇਹ ਹੀ ਖਹਿਰਾ ਸਾਹਿਬ ਇੱਥੇ ਬੈਠੇ ਹੁੰਦੇ ਸੀ, ਮੀਟਿੰਗ ਦੇ ਵਿੱਚ ਬੁਲਾ ਕੇ ਸਾਨੂੰ ਕਹਿੰਦੇ ਕਿ ਹੁਣ ਤੁਹਾਨੂੰ ਆਮ ਆਦਮੀ ਪਾਰਟੀ ਦੇ ਵਿੱਚ ਰਹਿਣ ਦਾ ਫਾਇਦਾ ਨਹੀਂ ਕਿਉਂਕਿ ਝਾੜੂ ਤਿੱਲਾ ਤਿੱਲਾ ਹੋ ਗਿਆ ਹੈ। ਅੱਜ ਇਨ੍ਹਾਂ ਨੂੰ ਦੁੱਖ ਇਸ ਗੱਲ ਦਾ ਹੈ ਕਿ ਇਹ ਜਿਨ੍ਹਾਂ ਨੂੰ ਕਹਿੰਦੇ ਸੀ ਕਿ ਤਿੱਲਾ ਤਿੱਲਾ ਹੋ ਗਿਆ, ਅੱਜ ਉਹ ਝਾੜੂ ਬਣ ਕੇ 92 ਸੀਟਾਂ ਲੈ ਕੇ ਵਿਧਾਨ ਸਭਾ ਦੇ ਵਿੱਚ ਸੱਜੇ ਪਾਸੇ ਬੈਠੇ ਹਨ। ਇਨ੍ਹਾਂ ਨੂੰ ਇਸੇ ਹੀ ਗੱਲ ਦੀ ਤਕਲੀਫ ਹੈ। ਇਹ ਤਕਲੀਫ ਸਾਂਭੀ ਨਹੀਂ ਜਾ ਰਹੀ। ਇਹ ਸਾਰੇ ਅਤੇ ਸਰਕਾਰੀਆ ਸਾਹਿਬ ਇਨ੍ਹਾਂ ਬੈਂਚਾਂ ਤੇ ਬੈਠੇ ਹੁੰਦੇ ਸੀ.....

**4.20/ਜ.ਸ./ਸ਼.ਜ. /29.9.22**

ਅਸੀਂ ਪਰਲੇ ਪਾਸੇ ਬੈਠੇ ਹੁੰਦੇ ਸੀ, ਅਸੀਂ ਕਾਇਦੇ ਕਾਨੂੰਨ ਮੁਤਾਬਿਕ ਚਲਦੇ ਹੁੰਦੇ ਸੀ, ਐਲ.ਓ.ਪੀ. ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਨੂੰ ਜਦੋਂ ਗੱਲ ਬੋਲਣ ਲਈ ਸਮਾਂ ਦਿੱਤਾ ਜਾਂਦਾ ਸੀ ਤਾਂ ਉਦੋਂ ਬੋਲਦੇ ਸੀ। ਅਸੀਂ ਕਦੇ ਵੀ ਇੰਟਰਪਟ ਨਹੀਂ ਕੀਤਾ ਸੀ। ਜ਼ੀਰੋ ਆਵਰ ਹੁੰਦਾ ਕਾਹਦੇ ਵਾਸਤੇ ਹੈ? ਮਹੱਤਵਪੂਰਨ ਮੁੱਦਿਆਂ ਦੇ ਉੱਤੇ, ਮਹੱਤਵਪੂਰਨ ਗੱਲਾਂ ਦੇ ਉਤੇ ਮੌਕੇ ਦਾ ਜੋ ਤੁਹਾਡੇ ਇਲਾਕੇ ਦਾ ਮੁੱਦਾ ਹੁੰਦਾ ਹੈ ਉਹ ਤੁਸੀਂ ਉਠਾ ਸਕਦੇ ਹੋ। ਅਸੀਂ ਕਦੇ ਵੀ ਨਹੀਂ ਕਿਹਾ ਸੀ, ਨਾ ਇਹ ਰੂਲ ਬੁੱਕ ਵਿਚ ਲਿਖਿਆ ਹੈ ਕਿ ਜੇਕਰ ਤੁਸੀਂ ਜ਼ੀਰੋ ਆਵਰ ਵਿਚ ਮੁੱਦਾ ਉਠਾਉਂਦੇ ਹੋ ਤਾਂ ਉਸ ਦਾ ਮੁੱਖ ਮੰਤਰੀ ਉਸ ਦਾ ਜਵਾਬ ਦੇਵੇ? ਇਹ ਕਦੇ ਕਿਸੇ ਕਾਨੂੰਨ ਵਿੱਚ ਨਹੀਂ ਲਿਖਿਆ। ਅੱਜ ਜਾਣਬੁੱਝ ਕੇ ਇਹ ਲੋਕ ਜਿਹੜੇ ਹਨ, ਸਾਡੇ ਸੰਵਿਧਾਨ ਦੇ ਉਲਟ, ਸਾਡੀ ਵਿਧਾਨ ਸਭਾ ਦੇ ਰੂਲ ਦੇ ਉਲਟ ਗੱਲਾਂ ਕਰ ਰਹੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਹਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਸ਼੍ਰੀ ਬੁੱਧ ਰਾਮ:** ਅੱਜ ਜਿਸ ਤਰ੍ਹਾਂ ਇਨ੍ਹਾਂ ਨੇ ਦੋ ਵਜੇ ਦਾ ਜਾਣਬੁੱਝ ਕੇ ਇਹ ਇਕੱਠੇ ਹੋ ਕੇ, ਇਨ੍ਹਾਂ ਨੇ ਫੈਸਲਾ ਕਰਕੇ ਅੱਜ ਸਾਡੀ ਵਿਧਾਨ ਸਭਾ ਵਿਚ ਖਲਲ ਪਾਇਆ ਹੈ, ਸੰਵਿਧਾਨ ਦੇ ਮੁਤਾਬਿਕ ਚੱਲਣ ਵਾਲੀ ਵਿਧਾਨ ਸਭਾ ਵਿਚ ਖਲਲ ਪਾਇਆ ਹੈ ਤਾਂ ਇਹ ਸਿੱਧ ਹੁੰਦਾ ਹੈ ਕਿ ਇਹ ਲੋਕ ਸੰਵਿਧਾਨ ਵਿਰੋਧੀ ਹਨ, ਇਹ ਲੋਕਤੰਤਰ ਦੇ ਕਾਤਲ ਹਨ, ਇਹ ਦਲਿਤਾਂ ਦੇ ਵਿਰੋਧੀ ਹਨ, ਇਹ ਗਰੀਬਾਂ ਦੇ ਵਿਰੋਧੀ ਹਨ, ਇਹ ਨਹੀਂ ਚਾਹੁੰਦੇ ਕਿ ਪੰਜਾਬ ਦੀ ਵਿਧਾਨ ਸਭਾ ਵਿੱਚ ਕੋਈ ਗਰੀਬਾਂ ਦੇ ਪੱਖ ਦੀ ਗੱਲ ਹੋਵੇ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਮਾਨਯੋਗ ਮੰਤਰੀ ਨਿੱਜਰ ਸਾਹਿਬ ਜੀ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਇੰਦਰਬੀਰ ਸਿੰਘ ਨਿੱਜਰ):** ਸਪੀਕਰ ਸਾਹਿਬ, Floor crossing amounts to disqualification. ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਚੌਧਰੀ ਸਾਹਿਬ, ਵੜਿੰਗ ਸਾਹਿਬ ਜਿਹੜੇ ਸਾਡੇ ਵਾਲੇ ਪਾਸੇ ਇਧਰ ਤੁਰੇ ਫਿਰਦੇ ਸੀ, ਇਨ੍ਹਾਂ ਨੂੰ ਡਿਸਕੁਆਲੀਫਾਈ ਕੀਤਾ ਜਾਵੇ। (ਵਿਘਨ)(ਸ਼ੋਰ) ਤੇ ਬਾਕੀ ਜਿਹੜੇ ਮੈਂਬਰਾਂ ਨੇ ਕਰਾਸ ਕੀਤਾ ਹੈ, ਉਹ ਡਿਸਕੁਆਲੀਫਾਈ ਕੀਤੇ ਜਾਣ (ਵਿਘਨ)

**ਮਾਨਯੋਗ ਸਪੀਕਰ:** ਥੈਂਕ ਯੂ। ਸ਼੍ਰੀ ਬੁੱਧ ਰਾਮ ਜੀ। (ਵਿਘਨ) ਚੇਅਰ ਇਸ ਦੇ ਉਤੇ ਫੈਸਲਾ ਲਵੇਗੀ। (ਵਿਘਨ) ਚੇਅਰ ਇਸ ਦੇ ਉਤੇ ਫੈਸਲਾ ਲਵੇਗੀ। ਮੰਤਰੀ ਜੀ, ਤੁਸੀਂ ਬੈਠੋ। (ਵਿਘਨ) ਸ਼੍ਰੀ ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਅੱਜ ਜਦੋਂ ਮੈਂ ਇਹ ਗੱਲ ਦੇਖ ਰਿਹਾ ਸੀ..

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਹਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ:** ਨਿੱਜਰ ਸਾਹਿਬ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਇੰਦਰਬੀਰ ਸਿੰਘ ਨਿੱਜਰ):** ਮੈਂ ਮੋਸ਼ਨ ਮੂਵ ਕਰਦਾ ਹਾਂ। ਮੈਂ ਮੋਸ਼ਨ ਮੂਵ ਕਰਦਾ ਹਾਂ।

**Mr. Speaker**: Motion not allowed.

**ਸੰਸਦੀ ਮਾਮਲੇ ਮੰਤਰੀ:** ਜਿਹੜੇ ਆਪੋਜ਼ੀਸ਼ਨ ਦੇ ਮੈਂਬਰ ਫਲੌਰ ਕਰਾਸ ਕਰ ਗਏ ਹਨ, ਉਹ ਡਿਸਕੁਆਲੀਫਾਈ ਕੀਤੇ ਜਾਣ। ਰਾਜਾ ਵੜਿੰਗ ਜੀ, ਚੌਧਰੀ ਸਾਹਿਬ।

**Mr. Speaker**: Motion not allowed for the time being. ਹਾਂ ਜੀ, ਸ਼੍ਰੀ ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ:** ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਜਿਹੜੇ ਬੜੇ ਉਤਸ਼ਾਹ ਦੇ ਨਾਲ ਅੱਜ ਪੰਜਾਬ ਦੀ ਵਿਧਾਨ ਸਭਾ ਵਿੱਚ ਖਲਲ ਪਾ ਰਹੇ ਹਨ, ਗੱਲਾਂ ਕਰ ਰਹੇ ਹਨ, ਹੱਸ ਵੀ ਰਹੇ ਹਨ। ਜੇਕਰ ਅੱਜ ਇਹ ਆਪਣੇ ਕਿਸੇ ਮੁੱਦੇ ਉਤੇ ਗੰਭੀਰ ਹੁੰਦੇ ਤਾਂ ਇਨ੍ਹਾਂ ਦੀ ਤੁਸੀਂ ਜਿਹੜੀ ਬਾਡੀ ਲੈਂਗੁਏਜ ਹੈ ਉਹ ਦੇਖੋ ਕਿਸ ਤਰ੍ਹਾਂ ਕੰਮ

ਕਰ ਰਹੀ ਹੈ। ਮੈਂ ਇਹ ਸਮਝਦਾ ਹਾਂ ਕਿ ਇਨ੍ਹਾਂ ਦੇ ਜਿਹੜੇ ਆਕਾ ਅਮਿੱਤ ਸ਼ਾਹ ਹਨ, ਉਨ੍ਹਾਂ ਨੇ ਕਿਹਾ ਹੋਵੇਗਾ ਕਿ ਬੀ ਟੀਮ ਚੰਗੀ ਰਹੀ,. ਤੁਸੀਂ ਕੀਤਾ ਹੀ ਕੁਝ ਨਹੀਂ, ਸਾਡੇ ਦੋ ਬੰਦੇ ਸੀ, ਉਹ ਵਾਕ ਆਊਟ ਕਰ ਗਏ, ਤੁਸੀਂ ਕਾਂਗਰਸ ਦੇ ਬੰਦੇ ਇਹ ਨਾਲ ਲਏ ਹੋਏ ਸੀ, ਅਮਿੱਤ ਸ਼ਾਹ ਦੇ ਆਖਣ ਉਤੇ ਜਿਹੜੇ ਇਨ੍ਹਾਂ ਦੇ ਆਕਾ ਹਨ, ਅੱਜ ਸਾਡੇ ਵਿੱਚ ਖਲਲ ਪਾਈ ਹੈ। ਜੇਕਰ ਵਿਧਾਨ ਸਭਾ ਚਲਦੀ ਹੈ ਤਾਂ ਜਿਹੜਾ ਸਾਡਾ ਅਪਰੇਸ਼ਨ ਲੋਟਸ ਮੋਸ਼ਨ ਸੀ, ਉਹ ਅਸੀਂ ਬੋਗਸ ਸਿੱਧ ਕਰਨਾ ਸੀ, ਕਿ ਆਪਰੇਸ਼ਨ ਲੋਟਸ, ਆਪਰੇਸ਼ਨ ਬੋਗਸ ਹੈ, ਇਹ ਅਸੀਂ ਸਿੱਧ ਕਰਨਾ ਸੀ। ਅੱਜ ਉਹ ਨਾ ਸਿੱਧ ਹੋਵੇ ਕਿਉਂਕਿ ਇਹ ਉਨ੍ਹਾਂ ਦੇ ਨਾਲ ਰਲੇ ਹੋਏ ਹਨ, ਇਨ੍ਹਾਂ ਨੇ ਬੀ.ਜੇ.ਪੀ. ਨਾਲ ਮਿਲ ਕੇ ਜਿਸ ਤਰ੍ਹਾਂ ਅੱਜ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਹਨ, ਜਿਸ ਤਰ੍ਹਾਂ ਅੱਜ ਬਾਬਾ ਸਾਹਿਬ ਅੰਬੇਦਕਰ ਸਾਹਿਬ ਦੇ ਵਿਚਾਰਧਾਰਾ ਦੀ ਧੱਜੀਆਂ ਉਡਾਈਆਂ ਹਨ, ਇਸ ਗੱਲ ਦੀ ਅੱਜ ਸਾਰੇ ਪੰਜਾਬ ਦੇ ਲੋਕਾਂ ਵਿਚ ਲਾਈਵ ਚੱਲ ਰਿਹਾ ਹੈ ਔਰ ਉਹ ਚੰਗੀ ਤਰ੍ਹਾਂ ਦੇਖ ਰਹੇ ਹਨ ਕਿ ਇਹ ਅੱਜ ਕਿਸ ਤਰ੍ਹਾਂ ਕੰਮ ਕਰ ਰਹੇ ਹਨ। ਅੱਜ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ 2017 ਤੋਂ ਲੈ ਕੇ 2022 ਤੱਕ ਜਿਹੜਾ ਇਨ੍ਹਾਂ ਦਾ ਗੁੰਡਾ ਰਾਜ ਚਲਿਆ, ਜਿਹੜਾ ਮਾਫੀਆ ਰਾਜ ਚਲਿਆ, ਹਰੇਕ ਡਿਪਾਰਟਮੈਂਟ ਵਿੱਚ ਇਨ੍ਹਾਂ ਦੇ ਮਾਫੀਏ ਹੁੰਦੇ ਸੀ, ਉਹ ਜੇ ਇੱਕ ਦਿਨ ਟੱਪਦਾ ਹੈ ਜੇ ਦੂਜਾ ਦਿਨ ਟੱਪਦਾ ਹੈ ਤਾਂ ਉਹ ਨਾਲ ਦੀ ਨਾਲ ਸਪੀਕਰ ਸਾਹਿਬ ਨੰਗੇ ਹੋ ਰਹੇ ਹਨ। ਇਸ ਤੋਂ ਪਹਿਲਾਂ ਦੇਖਿਆ ਕਿ ਸਾਡੇ ਦਲਿਤਾਂ ਦਾ ਘਾਣ ਕਰਨ ਵਾਲਾ ਆਪ ਧਰਮਸੋਤ ਜਿਹੜਾ ਜੇਲ੍ਹ ਵਿਚ ਜਾ ਕੇ ਹੁਣ ਜ਼ਮਾਨਤ ਉਤੇ ਆਇਆ ਹੈ, ਕਿਸ ਤਰ੍ਹਾਂ 1 ਲੱਖ 22000 ਬੱਚਿਆਂ ਨੂੰ ਉਸ ਨੇ ਸਕੂਲਾਂ ਵਿਚੋਂ ਬਾਹਰ ਕੱਢਿਆ, ਕਿਵੇਂ 1, 22,000 ਬੱਚਿਆਂ ਦਾ ਬਕਾਇਦਾ ਵਜ਼ੀਫਾ ਉਨ੍ਹਾਂ ਨੇ ਤੇ ਉਨ੍ਹਾਂ ਦੀ ਜੁੰਡਲੀ ਨੇ ਖਾਧਾ, ਉਸ ਗੱਲ ਦੀ ਇਕੱਲਾ ਅਸੀਂ ਨਹੀਂ ਕਹਿੰਦੇ ਕਿ ਅਸੀਂ ਕੀਤਾ ਹੈ ਬਲਕਿ ਉਸ ਵਕਤ ਦੇ ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸੈਕਟਰੀ ਵਲੋਂ ਇਹ ਘਪਲਾ ਕੱਢਿਆ ਗਿਆ ਸੀ। ਅਜੇ ਤਾਂ ਇੱਕ ਜੇ ਦਰੱਖਤ ਹਨ, ਅੱਜ ਸਾਨੂੰ ਪਤਾ ਹੈ ਕਿ ਪੰਜਾਬ ਦੇ ਵਿੱਚ ਕੁੱਲ ਧਰਤੀ ਦੇ 7 ਪਰਸੈਂਟ ਦਰੱਖਤ ਹੁੰਦੇ ਸੀ, ਅੱਜ ਪੰਜਾਬ ਵਿਚ ਸਾਢੇ ਤਿੰਨ ਪਰਸੈਂਟ ਹਨ, ਉਨ੍ਹਾਂ ਦਰੱਖਤਾਂ ਨੂੰ ਨਜਾਇਜ਼ ਕੱਟ ਕੇ ਪੈਸੇ ਖਾਣ ਵਾਲਾ, ਉਹ ਧਰਮਸੋਤ, ਤੁਸੀਂ ਉਸ ਬਾਰੇ ਕਦੋਂ ਬੋਲੇ ਹੋ? ਤੁਸੀਂ ਕਦੇ ਕਿਹਾ ਕਿ ਇਹ ਮਾੜਾ ਬੰਦਾ ਹੈ? ਕਦੇ ਕਿਹਾ ਕਿ ਉਸ ਨੂੰ ਸਾਡੀ ਵਜ਼ਾਰਤ ਵਿਚੋਂ ਬਾਹਰ ਕੱਢੋ? ਸ਼ਰੇਆਮ ਪਤਾ ਲਗਦਾ ਹੈ। ਸੋ, ਇਸ ਕਰਕੇ ਪਤਾ ਲੱਗਦਾ ਹੈ ਕਿ ਇਹ ਕਿਥੇ ਖੜ੍ਹੇ ਹਨ।

ਬ.ਕ./ਸ਼.ਜ/29.9.22/4.25

ਉਸ ਤੋਂ ਬਾਅਦ ਇਨ੍ਹਾਂ ਦੇ ਬਹੁਤ ਸਾਰੇ ਮਨਿਸਟਰਾਂ ਉੱਪਰ ਵਾਰ ਵਾਰ ਇਲਜ਼ਾਮ ਲਗਦੇ ਰਹੇ ਹਨ। ਸ਼੍ਰੀ ਅਮਰਿੰਦਰ ਸਿੰਘ, ਜਿਨ੍ਹਾਂ ਨੇ ਸਾਢੇ ਚਾਰ ਸਾਲ ਰਾਜ ਕੀਤਾ ਹੈ, ਮੈਂ ਪਰਸੋਂ ਉਨ੍ਹਾਂ ਦੀ ਸਟੇਟਮੈਂਟ ਪੜ੍ਹੀ ਕਿ ਆਮ

ਆਦਮੀ ਪਾਰਟੀ ਵਾਲੇ ਕੱਚੇ ਬੰਦੇ ਹਨ। ਜਿਨ੍ਹਾਂ ਨੂੰ ਰੂਲਾਂ ਦਾ ਨਹੀਂ ਪਤਾ। ਅਸੀਂ ਕਹਿੰਦੇ ਹਾਂ ਕਿ ਅਸੀਂ ਕੱਚੇ ਬੰਦੇ ਕਿਵੇਂ ਹੋ ਗਏ? ਅਸੀਂ ਤੁਹਾਡੇ ਕਹੇ ਨੂੰ ਚੱਟਣਾ ਹੈ, ਅਸੀਂ ਤੁਹਾਡੇ ਵਾਂਗ ਸੀਤਾ ਫਲ ਨਹੀਂ ਖਾਂਦੇ। ਅਸੀਂ ਤੁਹਾਡੇ ਵਾਂਗ ਧੱਕੇ ਨਹੀਂ ਕਰਦੇ ਜਿਵੇਂ ਤੁਸੀਂ ਸਾਢੇ ਚਾਰ ਆਪਣੇ ਮਹਿਲਾਂ ਵਿੱਚ ਬਹਿ ਕੇ ਲੋਕਾਂ ਦੀ ਸਾਰ ਨਹੀਂ ਲਈ ਪਰ ਸਾਡਾ ਮੁੱਖ ਮੰਤਰੀ ਹਰ ਰੋਜ਼ ਕਿਸੇ ਨਾ ਕਿਸੇ ਥਾਂ ਤੇ ਜਾ ਕੇ ਲੋਕਾਂ ਨੂੰ ਸੰਬੋਧਨ ਕਰ ਰਿਹਾ ਹੈ। ਜੇਕਰ ਅੱਜ ਪੰਜਾਬ ਦੀ ਇਮਾਨਦਾਰ ਕੈਬਿਨਟ ਆਪਣੇ ਆਪਣੇ ਖੇਤਰ ਵਿੱਚ ਆਪਣੇ ਆਪਣੇ ਡਿਪਾਰਟਮੈਂਟ ਨੂੰ ਇਮਾਨਦਾਰੀ ਨਾਲ ਚਲਾ ਰਹੀ ਹੈ ਤਾਂ ਇਨ੍ਹਾਂ ਦੇ ਮਿਰਚਾਂ ਕਿਉਂ ਲੱਗ ਰਹੀਆਂ ਹਨ? ਇਨ੍ਹਾਂ ਨੂੰ ਦੁਖ ਕਿਉਂ ਹੋ ਰਿਹਾ ਹੈ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਸਨ ਅਤੇ ਕਈ ਮੈਂਬਰ ਤਾੜੀਆਂ ਵਜਾ ਰਹੇ ਸਨ। ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ)

ਇਸੀ ਦੁਖ ਕਾਰਨ ਇਹ ਤਾੜੀਆਂ ਮਾਰ ਰਹੇ ਹਨ ਤਾਂ ਕਿ ਇੱਥੇ ਸੰਵਿਧਾਨ ਮੁਤਾਬਿਕ ਕੰਮ ਨਾ ਹੋਵੇ। ਲੋਕਾਂ ਦੇ ਜਿਹੜੇ ਲੱਖਾਂ ਰੁਪਏ ਲੱਗ ਰਹੇ ਹਨ, ਇਹ ਕਹਿੰਦੇ ਹਨ ਕਿ ਤੁਸੀਂ ਨਜਾਇਜ਼ ਲਗਾਇਆ ਹੈ। ਬਾਜਵਾ ਸਾਹਿਬ, ਜਿਹੜੇ ਕਿ ਬਹੁਤ ਐਕਸਪੀਰੀਐਂਸਡ ਹਨ, ਉਨ੍ਹਾਂ ਨੇ ਕਿਹਾ ਸੀ ਕਿ ਛੇ ਮਹੀਨਿਆਂ ਦੇ ਵਿਚ ਵਿਚ ਤੁਸੀਂ ਕਿਵੇਂ ਸੈਸ਼ਨ ਬੁਲਾ ਲਿਆ। ਇਨ੍ਹਾਂ ਭਲੇਮਾਣਸਾਂ ਨੂੰ ਕੋਈ ਇਹ ਪੁੱਛੇ ਕਿ ਸੰਵਿਧਾਨ ਕਹਿੰਦਾ ਹੈ, ਰੂਲ ਕਹਿੰਦੇ ਹਨ ਕਿ ਛੇ ਮਹੀਨਿਆਂ ਦੇ ਵਿਚ ਵਿਚ ਸੈਸ਼ਨ ਹੋਣਾ ਚਾਹੀਦਾ ਹੈ। ਇਕ ਮੁੱਖ ਮੰਤਰੀ ਭਾਵੇਂ 10 ਵਾਰ ਬੁਲਾਵੇ, ਤੁਹਾਨੂੰ ਕੀ ਪ੍ਰਾਬਲਮ ਹੈ? ਸੈਸ਼ਨ ਵਿੱਚ ਕੋਈ ਨਿੱਜੀ ਕੰਮ ਨਹੀਂ ਹੁੰਦਾ ਜਾਂ ਕੋਈ ਹੋਰ ਕੰਮ ਨਹੀਂ ਹੁੰਦਾ ਬਲਕਿ ਲੋਕਾਂ ਦੇ ਮੁੱਦੇ ਹੁੰਦੇ ਹਨ। ਪੰਜਾਬ ਦੇ ਲੋਕਾਂ ਦਾ ਜੇ ਲੱਖਾਂ ਰੁਪਈਆਂ ਲੱਗ ਰਿਹਾ ਹੈ ਤਾਂ ਤੁਸੀਂ ਇਸ ਨੂੰ ਕੈਸ਼ ਕਰੋ, ਇੱਥੇ ਬੈਠੋ। ਅਸੀਂ ਮੰਨਦੇ ਹਾਂ ਕਿ ਸਾਡੀਆਂ ਵੀ ਗਲਤੀਆਂ ਹੋ ਸਕਦੀਆਂ ਹਨ। ਜੇਕਰ ਸਾਡੀਆਂ ਗਲਤੀਆਂ ਹਨ ਤਾਂ ਇਸ ਬਾਰੇ ਦੱਸੋ। ਇਹ ਜਿਹੜੀਆਂ ਤੁਸੀਂ ਤਾੜੀਆਂ ਮਾਰ ਰਹੇ ਹੋ, ਇਸ ਦਾ ਮਤਲਬ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਹੁਤ ਵਧੀਆ ਢੰਗ ਨਾਲ ਚੱਲ ਰਹੀ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਸੰਵਿਧਾਨ ਦੇ ਮੁਤਾਬਿਕ ਚੱਲ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਤੁਸੀਂ ਦੇਖੋਗੇ ਕਿ ਸਹੀ ਢੰਗ ਨਾਲ ਚੱਲੇਗੀ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਸੀ ਅਤੇ ਤੀਜੀ ਵਾਰ ਫੇਰ ਆ ਗਈ ਹੈ। ਇਨ੍ਹਾਂ ਨੂੰ ਪਤਾ ਹੈ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਇਸੇ ਪ੍ਰਕਾਰ ਕੰਮ ਕਰਦੀ ਰਹੀ ਤਾਂ ਇਸ ਸਰਕਾਰ ਨੇ ਕਿਤੇ ਨਹੀਂ ਜਾਣਾ ਅਤੇ ਕਾਂਗਰਸ ਪਾਰਟੀ ਦੇ ਜਿਹੜੇ 15 ਬੰਦੇ ਆਏ ਹਨ, ਇਨ੍ਹਾਂ ਨੂੰ ਪਤਾ ਹੈ ਕਿ ਅਗਲੀ ਵਾਰ ਸਿਰਫ 10 ਆਉਣਗੇ।

**ਮਾਨਯੋਗ ਸਪੀਕਰ** : ਥੈਂਕ ਯੂ।

**ਸ਼੍ਰੀ ਬੁੱਧ ਰਾਮ** : ਸਪੀਕਰ ਸਾਹਿਬ, ਅੱਜ ਲਾਈਵ ਚੱਲ ਰਿਹਾ ਹੈ ਅਤੇ ਪੰਜਾਬ ਦੇ ਲੋਕ ਦੇਖ ਰਹੇ ਹਨ ਕਿ ਕੌਣ ਗਿੱਧਾ ਪਾ ਰਹੇ ਹਨ। ਅੱਜ ਇਹ ਗਿੱਧਾ ਪਾ ਰਹੇ ਹਨ, ਇਹ ਕਿਸ ਗੱਲ ਦਾ ਗਿੱਧਾ ਪਾ ਰਹੇ ਹਨ, ਮੈਨੂੰ ਸਮਝ ਨਹੀਂ ਆਉਂਦੀ ਕਿ ਅੱਜ ਇਨ੍ਹਾਂ ਨੂੰ ਕਿਹੜਾ ਸ਼ੌਂਕ ਚੜ੍ਹਿਆ ਹੈ।ਅਜਿਹੀ ਕਿਹੜੀ ਖੁਸ਼ੀ ਹੋਈ ਹੈ, ਜਿਹੜਾ ਇਹ ਗਿੱਧਾ ਪਾ ਰਹੇ ਹਨ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਸਨ ਅਤੇ ਕਈ ਮੈਂਬਰ ਤਾੜੀਆਂ ਵਜਾ ਰਹੇ ਸਨ। ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ)

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰੋ ਜੀ। ਰਾਣਾ ਇੰਦਰ ਪ੍ਰਤਾਪ ਸਿੰਘ।

**ਸ਼੍ਰੀ ਬੁੱਧ ਰਾਮ** : ਬਹੁਤ ਬਹੁਤ ਧੰਨਵਾਦ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਬਾਜਵਾ ਸਾਹਿਬ, ਦੋ ਮਿੰਟ ਦੇ ਦਿਓ। ਹੁਣ ਕੰਮ ਦੀ ਗੱਲ ਕਰ ਲਈਏ। ਦੋ ਮਿੰਟ ਦੇ ਦਿਓ, ਕੰਮ ਦੀ ਗੱਲ ਕਰਨ ਲੱਗਿਆ ਹਾਂ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕਰੋ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਸਨ ਅਤੇ ਕਈ ਮੈਂਬਰ ਤਾੜੀਆਂ ਵਜਾ ਰਹੇ ਸਨ। ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਰਾਣਾ ਇੰਦਰ ਪ੍ਰਤਾਪ ਸਿੰਘ** : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਜਿਹੜਾ ਐਸ.ਸੀ ਸਕਾਲਰਸ਼ਿਪ ਦਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਮੈਂ ਇਸ ਦਾ ਸਾਥ ਦਿੰਦਾ ਹਾਂ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਬਸ ਕਰੋ ਹਾਏ ਹਾਏ, ਹਲਕੇ ਵਾਲਿਆਂ ਨੇ ਪਛਾਣ ਜਾਣਾ ਹੈ, ਇਸ ਲਈ ਬਸ ਕਰੋ। ਸਪੀਕਰ ਸਾਹਿਬ, ਮੈਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਸਰਕਾਰ ਸਕਾਲਰਸ਼ਿਪ ਦਿੰਦੀ ਹੈ, ਉਸ ਤੋਂ ਬਾਅਦ ਬੱਚਿਆਂ ਦੇ ਮਾਂ-ਪਿਓ ਫੀਸਾਂ ਦੇ ਪੈਸੇ ਦਿੰਦੇ ਹਨ, ਤੀਜਾ ਬੱਚਿਆਂ ਦਾ ਸਮਾਂ ਲਗਦਾ ਹੈ। ਆਪਾਂ ਬੱਚਿਆਂ ਨੂੰ ਕਾਲਜ ਭੇਜਦੇ ਹਾਂ, ਜਿਸ ਵਿੱਚ 3-5 ਸਾਲ ਦਾ ਸਮਾਂ ਇਕ ਬੱਚੇ ਨੂੰ ਆਪਣੀ ਜ਼ਿੰਦਗੀ ਦੀ ਪੜ੍ਹਾਈ, ਹਾਇਰ ਐਜੂਕੇਸ਼ਨ ਵਾਸਤੇ

ਲਗਦਾ ਹੈ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਵਿੱਚ ਹਾਇਰ ਐਜੂਕੇਸ਼ਨ ਦੇ ਨਾਲ ਕੁਆਲਿਟੀ ਆਫ ਐਜੂਕੇਸ਼ਨ ਵਰਗੀ ਚੀਜ਼ ਨਹੀਂ ਹੈ।

ਕਕ / ਅਗ 29.9.2022 4.30

ਜਿਹੜੀਆਂ ਡਿਗਰੀਆਂ ਲੈ ਕੇ ਬੱਚੇ ਅੱਗੇ ਵਧਦੇ ਹਨ, ਉਨ੍ਹਾਂ ਡਿਗਰੀਆਂ ਤੋਂ ਬਾਅਦ ਨਾ ਤਾਂ ਬੱਚਿਆਂ ਨੂੰ ਜੌਬਜ਼ ਮਿਲਦੀਆਂ ਹਨ ਅਤੇ ਨਾ ਹੀ ਕੋਈ ਹੋਰ ਕੰਮ-ਕਾਰ ਮਿਲਦਾ ਹੈ। ਪ੍ਰਾਈਵੇਟ ਯੂਨੀਵਰਸਿਟੀਆਂ ਸਭ ਤੋਂ ਪਹਿਲਾਂ ਸਟੂਡੈਂਟਸ ਦੀ ਸਿਲੈਕਸ਼ਨ ਆਪ ਕਰਦੀਆਂ ਹਨ। ਉਸ ਤੋਂ ਬਾਅਦ ਸਟਾਫ ਵੀ ਆਪ ਰੱਖਦੀਆਂ ਹਨ ਤੇ ਪੇਪਰ ਵੀ ਆਪ ਹੀ ਬਣਾਉਂਦੀਆਂ ਹਨ। ਐਗਜ਼ਾਮੀਨੇਸ਼ਨ ਦੇ ਪ੍ਰਬੰਧ ਵੀ ਆਪ ਕਰਦੇ ਹਨ ਅਤੇ ਡਿਗਰੀਆਂ ਵੀ ਆਪ ਹੀ ਦਿੰਦੇ ਹਨ। ਸਭ ਤੋਂ ਨਵਾਂ ਸਿਸਟਮ ਚੱਲ ਪਿਆ ਹੈ, ਜੇ ਕੋਈ ਬੱਚਾ ਸਕੂਲ ਵਿੱਚ ਪੂਰੇ ਲੈਕਚਰ ਨਾ ਲਗਾ ਸਕੇ ਤਾਂ ਨਵਾਂ ਫੰਡ ਚੱਲ ਪਿਆ ਹੈ ਕਿ ਫੀਸ ਜਮ੍ਹਾਂ ਕਰਵਾ ਕੇ ਆਪਣੇ ਲੈਕਚਰਾਂ ਦੇ ਪੈਸੇ ਦੇ ਦਿਉ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ (ਵਿਘਨ)(ਸ਼ੋਰ) ਇੱਥੇ ਹਾਇਰ ਐਜੂਕੇਸ਼ਨ ਦੇ ਮੰਤਰੀ ਸਾਹਿਬ ਬੈਠੇ ਹਨ, ਮੈਂ ਬੇਨਤੀ ਕਰਾਂਗਾ ਕਿ ਹਾਇਰ ਐਜੂਕੇਸ਼ਨ 'ਤੇ ਇੱਕ ਰੈਗੁਲੇਟਰੀ ਅਥਾਰਿਟੀ ਬਣਾਈ ਜਾਵੇ ਤਾਂ ਕਿ ਜਿਹੜੇ ਬੱਚੇ ਹਨ, ਉਨ੍ਹਾਂ ਨੂੰ ਆਪਾਂ ਕੁਆਲਿਟੀ ਐਜੂਕੇਸ਼ਨ ਦੇ ਸਕੀਏ। ਉਹ ਅਥਾਰਿਟੀ ਹਰ ਚੀਜ਼ ਨੂੰ ਕੰਟਰੋਲ ਕਰੇ ਤਾਂ ਕਿ ਬੱਚਿਆਂ ਦੀ ਐਜੂਕੇਸ਼ਨ ਬੈਟਰ ਹੋਵੇ ਅਤੇ ਸਕਾਲਰਸ਼ਿਪ ਚੰਗੇ ਤਰੀਕੇ ਨਾਲ ਬੱਚਿਆਂ ਨੂੰ ਮਿਲ ਸਕੇ। ਦੂਜਾ ਜਿਹੜਾ ਰੈਜੋਲਿਊਸ਼ਨ ਹੈ, ਮੈਂ ਉਸ ਦਾ ਸਾਥ ਵੀ ਦਿੰਦਾ ਹਾਂ। ਮੈਨੂੰ ਇੱਕ ਮਿੰਟ ਲਈ ਹੋਰ ਬੋਲ ਲੈਣ ਦਿਉ ਜੀ....

**ਮਾਨਯੋਗ ਸਪੀਕਰ:** ਵਾਈਂਡ ਅੱਪ ਕਰੋ ਜੀ। ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗੈਰ ਸਰਕਾਰੀ ਮਤੇ ਉਪਰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਅੱਜ ਗਰੀਬ ਬੱਚਿਆਂ ਦੇ ਲਈ ਸਕਾਲਰਸ਼ਿਪ ਦੇਣ ਦੀ ਗੱਲ ਸੀ। ਕਿਉਂਕਿ ਸਾਰਾ ਪੰਜਾਬ ਦੇਖਦਾ ਹੈ। ਬੱਚਿਆਂ ਦੇ ਮਾਂ-ਬਾਪ ਪੰਜਾਬ ਦੀ ਵਿਧਾਨ ਸਭਾ ਵਿੱਚ ਅੱਜ ਕੀ ਦੇਖਦੇ ਹੋਣਗੇ? ਕਿਉਂਕਿ ਜਦੋਂ ਕੋਈ ਗਰੀਬ ਪਰਿਵਾਰ ਆਪਣੇ ਬੱਚੇ ਨੂੰ ਸਕੂਲ ਵਿੱਚ ਪੜ੍ਹਾਉਣ ਲਈ ਭੇਜਦਾ ਹੈ ਤਾਂ ਉਨ੍ਹਾਂ ਦੇ ਲੱਖਾਂ ਸੁਪਨੇ ਹੁੰਦੇ ਹਨ। ਹਰੇਕ ਮਾਂ ਦੇ ਲੱਖਾਂ ਡਰੀਮਜ਼ ਹੁੰਦੇ ਹਨ। ਜਦੋਂ ਉਹ ਆਪਣੇ ਬੱਚੇ ਲਈ ਰੋਟੀ ਪੈਕ ਕਰਦੀ ਹੈ ਅਤੇ ਬੱਚੇ ਨੂੰ ਸਕੂਲ ਭੇਜਦੀ ਹੈ ਤਾਂ ਉਸ ਨੂੰ ਪਤਾ ਹੁੰਦਾ ਹੈ ਕਿ ਮੇਰਾ ਬੱਚਾ ਪੜ੍ਹ ਕੇ ਆਵੇਗਾ। ਪਰ ਅੱਜ ਹਾਊਸ ਵਿੱਚ ਉਨ੍ਹਾਂ ਬੱਚਿਆਂ ਦੇ ਭਵਿੱਖ ਦੀ ਅਤੇ ਵਜ਼ੀਫਿਆਂ ਦੀ ਗੱਲ ਹੋਣੀ ਸੀ ਪਰ ਇਹ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ

ਮੁਰਦਾਬਾਦ ਦੇ ਨਾਅਰੇ ਲਗਾ ਰਹੇ ਹਨ । ਇਹ ਅਜਿਹਾ ਇਸ ਕਰਕੇ ਕਰਦੇ ਹਨ ਕਿਉਂਕਿ ਇਨ੍ਹਾਂ ਨੇ ਪਹਿਲਾਂ ਵੀ ਧਰਨਾ ਲਗਾਇਆ ਸੀ, ਜਿਹੜਾ ਇਨ੍ਹਾਂ ਦਾ ਸਾਧੂ ਸਿੰਘ ਸਾਬਕਾ ਮੰਤਰੀ ਸੀ, ਉਸ ਵਾਸਤੇ ਵੀ ਇਹ ਧਰਨਾ ਲਗਾਉਣ ਗਏ ਸੀ, ਇਹੀ ਮੁੱਦਾ ਸੀ। ਅੱਜ ਫੇਰ ਉਹੀ ਸਕਾਲਰਸ਼ਿਪ ਦਾ ਮੁੱਦਾ ਹੈ, ਅੱਜ ਇਹ ਫੇਰ ਰੌਲ਼ਾ ਪਾ ਰਹੇ ਹਨ। ਇਨ੍ਹਾਂ ਨੂੰ ਪੰਜਾਬ ਦੇ ਸਾਰੇ ਲੋਕ ਜਾਣਦੇ ਹਨ, ਇਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਛੋਟੇ ਛੋਟੇ ਬੱਚਿਆਂ ਦੇ ਭਵਿੱਖ ਦਾ ਇਹ ਮਸਲਾ ਹੈ। ਸਾਡੀਆਂ ਭੈਣਾਂ ਜਿਨ੍ਹਾਂ ਦੀਆਂ ਮੈਰਿਜਜ਼ ਹੋਏ ਨੂੰ ਤਿੰਨ ਤਿੰਨ ਸਾਲ ਹੋ ਗਏ ਹਨ, ਉਨ੍ਹਾਂ ਦੇ ਸਹੁਰੇ ਪੁੱਛਦੇ ਹਨ ਕਿ ਤੁਹਾਡਾ ਸਰਟੀਫਿਕੇਟ ਕਿੱਥੇ ਹੈ। ਉਨ੍ਹਾਂ ਨੂੰ ਸਕੂਲ ਤੇ ਕਾਲਜ ਸਰਟੀਫਿਕੇਟ ਨਹੀਂ ਦੇ ਰਹੇ। ਉਨ੍ਹਾਂ ਦੇ ਸਹੁਰੇ ਪਰਿਵਾਰ ਕਹਿੰਦੇ ਹਨ ਕਿ ਸਰਟੀਫਿਕੇਟ ਲਿਆਵੋ, ਅਸੀਂ ਤੁਹਾਨੂੰ ਕਿਤੇ ਨੌਕਰੀ ਤੇ ਰਖਵਾ ਦਿਆਂਗੇ, ਕਿਤੇ ਪ੍ਰਾਈਵੇਟ ਅਦਾਰੇ ਵਿੱਚ ਕੰਮ ਤੇ ਰਖਵਾ ਦਿਆਂਗੇ। ਪਰ ਇਹ ਅੱਜ ਰੌਲ਼ਾ ਪਾਉਣ ਨੂੰ ਮਰਦੇ ਹਨ। ਇਨ੍ਹਾਂ ਨੂੰ ਤਾਂ ਵੈਸੇ ਹੀ ਸ਼ਰਮ ਆਉਣੀ ਚਾਹੀਦੀ ਹੈ, ਤਿੰਨ ਤਿੰਨ ਸਾਲ ਹੋ ਗਏ ਕੋਈ ਹੱਲ ਨਹੀਂ ਹੋਇਆ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਸ ਕਰਕੇ ਇਹ ਗਰੀਬਾਂ ਦੇ ਦੋਖੀ ਹਨ, ਗਰੀਬ ਤੇ ਦਲਿਤ ਵਿਰੋਧੀ ਹਨ। ਇਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਸਰਕਾਰ ਦੇ ਡਿਪਾਰਟਮੈਂਟ ਸੋਸ਼ਲ ਜਸਟਿਸ ਐਂਡ ਇੰਪਾਵਰਮੈਂਟ ਐਂਡ ਮਨਿਆਰਟੀ ਦੇ ਮਿਤੀ 17 ਅਕਤੂਬਰ, 2020 ਨੂੰ ਐਸ.ਸੀ. ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਾ ਲਾਭ ਦੇਣ ਲਈ ਬਾਬਾ ਸਾਹਿਬ ਅੰਬੇਦਕਰ ਸਕਾਲਰਸ਼ਿਪ ਸਕੀਮ ਜਾਰੀ ਕੀਤੀ ਗਈ ਸੀ। ਇਸ ਨੋਟੀਫਿਕੇਸ਼ਨ ਮੁਤਾਬਕ ਪਰਿਵਾਰਾਂ ਦੀ ਆਮਦਨ ਢਾਈ ਲੱਖ ਤੋਂ ਵਧਾ ਕੇ ਚਾਰ ਲੱਖ ਰੁਪਏ ਕਰ ਦਿੱਤੀ ਗਈ ਸੀ। ਸਰਕਾਰ ਇਸ ਨੋਟੀਫਿਕੇਸ਼ਨ ਨੂੰ ਸਖਤੀ ਨਾਲ ਲਾਗੂ ਕਰੇ ਤਾਂ ਜੋ ਲੋੜਵੰਦ ਪਰਿਵਾਰਾਂ ਨੂੰ ਇਸ ਦਾ ਲਾਭ ਮਿਲ ਸਕੇ। ਪੰਜਾਬ ਦੇ ਬਹੁਤ ਸਾਰੇ ਵਿਦਿਅਕ ਅਦਾਰੇ , ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਭਾਰਤ ਸਰਕਾਰ ਮਿਥੀ ਹੋਈ ਢਾਈ ਲੱਖ ਰੁਪਏ ਆਮਦਨ ਨੂੰ ਅਧਾਰ ਮੰਨ ਰਹੀ ਹੈ। ਤੀਜਾ ਨੰਬਰ, ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਐਸ.ਸੀ. ਵਿਦਿਆਰਥੀਆਂ ਨੂੰ ਆਈ.ਏ.ਐਸ. ਤੇ ਪੀ.ਸੀ.ਐਸ. ਲਈ ਦਿੱਤੀ ਜਾਣ ਵਾਲੀ ਟਰੇਨਿੰਗ ਅਤੇ ਪਰਿਵਾਰ ਦੀ ਸਲਾਨਾ ਆਮਦਨ ਦੀ ਹੱਦ ਤਿੰਨ ਲੱਖ ਰੁਪਏ ਨਿਰਧਾਰਤ ਕੀਤੀ ਹੈ। ਜਦੋਂ ਕਿ ਵਿਭਾਗ ਖੁਦ ਮੰਨਿਆ ਹੈ ਕਿ ਚਾਰ ਲੱਖ ਰੁਪਿਆ ਸਲਾਨਾ ਆਮਦਨ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕਿਆ ਹੈ। ਸਰਕਾਰ ਇਸ ਆਮਦਨ ਹੱਦ ਵਿੱਚ ਲੋੜੀਂਦਾ ਵਾਧਾ ਕਰੇ। ਪਿਛਲੇ ਕਈ ਸਾਲਾਂ ਤੋਂ ਸਕਾਲਰਸ਼ਿਪ ਸਕੀਮ ਅਧੀਨ ਊਣਤਾਈਆਂ ਜਾਂ ਗੜਬੜੀਆਂ ਕਾਰਨ ਵਿਦਿਆਰਥੀਆਂ ਨੂੰ ਲਾਭ ਨਹੀਂ ਮਿਲ ਰਿਹਾ ਜਿਸ ਕਾਰਨ ਐਸ.ਸੀ. ਵਿਦਿਆਰਥੀ ਬਹੁਤ ਜ਼ਿਆਦਾ ਪਰੇਸ਼ਾਨ ਹੋ ਰਹੇ ਹਨ। ਕਾਲਜ ਤੇ ਯੂਨੀਵਰਸਿਟੀਆਂ ਪਾਸ ਹੋ ਚੁੱਕੇ ਵਿਦਿਆਰਥੀਆਂ ਨੂੰ ਡਿਗਰੀਆਂ ਤੇ ਸਰਟੀਫਿਕੇਟ ਨਹੀਂ ਦੇ ਰਹੇ। ਜਿਹੜੀ ਯੂਨੀਵਰਸਿਟੀਆਂ ਤੇ ਕਾਲਜਾਂ ਵੱਲੋਂ ਐਸ.ਸੀ. ਵਿਦਿਆਰਥੀਆਂ

29.09.2022/04.35/ਹਰਪ੍ਰੀਤ ਸਿੰਘ/ਅਭਿਸ਼ੇਕ ਗੌਤਮ

ਦੀਆਂ ਡਿਗਰੀਆਂ ਅਤੇ ਹੋਰ ਦਸਤਾਵੇਜ਼ ਰੋਕੇ ਗਏ ਹਨ, ਸਰਕਾਰ ਉਨ੍ਹਾਂ ਖਿਲਾਫ ਸਖਤ ਕਾਰਵਾਈ ਕਰਦੇ ਹੋਏ, ਉਨ੍ਹਾਂ ਦੀਆਂ ਗਰਾਂਟਾਂ ਤੇ ਰੋਕ ਲਗਾਵੇ ਅਤੇ ਉਨ੍ਹਾਂ ਪ੍ਰਾਈਵੇਟ ਕਾਲਜਾਂ ਦੀ ਮਾਨਤਾ ਨੂੰ ਰੱਦ ਕੀਤਾ ਜਾਵੇ। ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਅਧੀਨ ਆ ਰਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਬਕਾਇਆ ਰਾਸ਼ੀ ਤੁਰੰਤ ਰਿਲੀਜ਼ ਕੀਤੀ ਜਾਵੇ। ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਡਾਟਾ ਇਕੱਠਾ ਕੀਤਾ ਜਾਵੇ। ਐਸ.ਸੀ. ਵਿਦਿਆਰਥੀਆਂ ਦੀਆਂ ਡਿਗਰੀਆਂ ਤੁਰੰਤ ਰਿਲੀਜ਼ ਕੀਤੀਆਂ ਜਾਣ। ਕਾਲਜਾਂ ਤੋਂ ਐਫੀਡੈਵਿਟ ਲਿਆ ਜਾਵੇ ਕਿ ਐਸ.ਸੀ. ਵਿਦਿਆਰਥੀਆਂ ਦੇ ਦਾਖਲੇ ਸਮੇਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਦਾਖਲੇ ਦਿੱਤੇ ਗਏ ਹਨ। ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਪੈਸੇ ਕਾਲਜਾਂ ਦੇ ਖਾਤਿਆਂ ਵਿਚ ਪਾਉਣ ਦੀ ਪ੍ਰੋਵੀਜ਼ਨ ਕੀਤੀ ਜਾਵੇ ਅਤੇ ਇਹ ਪੈਸੇ ਵਿਦਿਆਰਥੀ ਦੀ ਡਿਗਰੀ ਖਤਮ ਹੋਣ ਤੋਂ ਪਹਿਲਾਂ ਦਿੱਤੇ ਜਾਣ ਤਾਂ ਜੋ ਬੱਚਿਆਂ ਨੂੰ ਡਿਗਰੀਆਂ ਲੈਣ ਲਈ ਠੋਕਰਾਂ ਨਾ ਖਾਣੀਆਂ ਪੈਣ। ਜਿਹੜੇ ਪ੍ਰਾਈਵੇਟ ਕਾਲਜ ਇਸ ਕਰਕੇ ਡਿਗਰੀਆਂ ਨਹੀਂ ਦੇ ਰਹੇ ਕਿਉਂਕਿ ਉਨ੍ਹਾਂ ਨੂੰ ਬਕਾਇਆ ਰਾਸ਼ੀ ਅਦਾ ਨਹੀਂ ਕੀਤੀ ਗਈ, ਅਜਿਹੇ ਕਾਲਜਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਆਡਿਟ ਵੀ ਕਰਵਾਇਆ ਜਾਵੇ ਅਤੇ ਹਰ ਕਾਲਜ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ। ਐਸ.ਸੀ. ਵਿਦਿਆਰਥੀਆਂ ਦੀ ਭਲਾਈ ਲਈ ਲੋੜੀਂਦੇ ਉਚਿਤ ਕਦਮ ਤੁਰੰਤ ਚੁੱਕੇ ਜਾਣ ਤਾਂ ਜੋ ਉਨ੍ਹਾਂ ਬੱਚਿਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੈਂ ਇਹ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਸਾਰੇ ਵਾਅਦੇ ਅਤੇ ਗਰੰਟੀਆਂ ਪੂਰੀਆਂ ਹੋ ਰਹੀਆਂ ਹਨ। 300 ਯੂਨਿਟ ਮੁਫ਼ਤ ਬਿਜਲੀ ਨਾਲ ਲੋਕ ਖੁਸ਼ ਹਨ, ਸਕੂਲਾਂ ਵਿਚ ਸੁਧਾਰ ਹੋ ਰਿਹਾ ਹੈ। ਇਹ ਗੱਲਾਂ ਕਾਂਗਰਸ ਵਾਲਿਆਂ ਨੂੰ ਹਜਮ ਨਹੀਂ ਹੋ ਰਹੀਆਂ। ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ। ਇਹ ਜਿਹੜੇ 20 ਚੁਣ ਕੇ ਇੱਥੇ ਆਏ ਹਨ, ਇਨ੍ਹਾਂ ਨੇ ਇਕ ਵੀ ਸਵਾਲ ਨਹੀਂ ਲਗਾਇਆ। ਇਸੇ ਲਈ ਇਹ ਰੌਲਾ ਪਾ ਰਹੇ ਹਨ। ਇਹ ਪਹਿਲਾਂ ਕਹਿੰਦੇ ਸੀ ਕਿ ਜ਼ੀਰੋ ਆਵਰ ਨਹੀਂ ਦਿੱਤਾ, ਅੱਜ ਜਦੋਂ ਜ਼ੀਰੋ ਆਵਰ ਦੇ ਦਿੱਤਾ ਤਾਂ ਵੀ ਇਹ ਸੈਸ਼ਨ ਨਹੀਂ ਚੱਲਣ ਦੇ ਰਹੇ। ਇਸ ਕਰਕੇ ਇਹ ਪੰਜਾਬ ਦੇ ਗੱਦਾਰ ਲੋਕ ਹਨ, ਇਨ੍ਹਾਂ ਨੂੰ ਮੂੰਹ ਨਾ ਲਗਾਇਆ ਜਾਵੇ। ਲੋਕ ਇਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਇਥੋਂ ਵੀ ਬਾਹਰ ਕਰਨਗੇ। ਤੁਹਾਡਾ ਸਾਰਿਆਂ ਦਾ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

**ਮਾਨਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥ ਡਾਕਟਰ ਰਵਜੋਤ ਜੀ ।

**ਡਾਕਟਰ ਰਵਜੋਤ ਸਿੰਘ (ਸ਼ਾਮ ਚੁਰਾਸੀ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਹਲਕਾ ਸ਼ਾਮ ਚੁਰਾਸੀ ਨੂੰ ਰਿਪ੍ਰੇਜ਼ੈਂਟ ਕਰਦਾ ਹਾਂ। ਮੈਂ ਕੇਜਰੀਵਾਲ ਸਾਹਿਬ ਅਤੇ ਭਗਵੰਤ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਹਲਕਾ ਸ਼ਾਮ ਚੁਰਾਸੀ ਤੋਂ ਜ਼ਿੰਮੇਵਾਰੀ ਦਿੱਤੀ ਹੈ। ਇਹ ਇਕ ਰਾਖਵਾਂ ਹਲਕਾ ਹੈ ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦਾ ਹੈ। ਮੇਰਾ ਹਲਕਾ ਦੁਆਬੇ ਵਿਚ ਪੈਂਦਾ ਹੈ, ਜਿੱਥੇ ਐਸ.ਸੀ. ਭਾਈਚਾਰੇ ਦੀ ਤਕਰੀਬਨ 40 ਫੀਸਦੀ ਅਬਾਦੀ ਹੈ। ਮੈਂ ਆਪਣੇ ਆਪ ਤੇ ਮਾਣ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਆਪਣੇ ਹਲਕੇ ਦੀ ਅਵਾਜ਼ ਬਣ ਕੇ ਇੱਥੇ ਬੋਲ ਰਿਹਾ ਹਾਂ। ਅੱਜ ਕਾਂਗਰਸੀਆਂ ਨੇ ਇਥੇ ਰੌਲਾ ਰੱਪਾ ਪਾਇਆ ਹੈ, ਕਾਂਗਰਸੀਆਂ ਨੇ ਅੱਜ ਖਿਲਾਰਾ ਪਾਇਆ ਹੋਇਆ ਹੈ। ਅੱਜ ਇਨ੍ਹਾਂ ਦਾ ਚਿਹਰਾ ਨੰਗਾ ਹੋ ਗਿਆ ਹੈ। ਇਨ੍ਹਾਂ ਨੇ ਸਾਰੀ ਉਮਰ ਦਲਿਤਾਂ ਦੇ ਨਾਂ ਤੇ ਵੋਟਾਂ ਮੰਗੀਆਂ। ਅੱਜ ਜਦੋਂ ਅਸੀਂ ਦਲਿਤਾਂ ਦੇ ਬੱਚਿਆਂ ਵਾਸਤੇ ਗੱਲ ਕਰਨੀ ਚਾਹੁੰਦੇ ਹਾਂ ਤਾਂ ਇਹ ਉਨ੍ਹਾਂ ਦਾ ਹੱਕ ਮਾਰ ਰਹੇ ਹਨ। ਜੇਕਰ ਅਸੀਂ ਪਿਛਲੇ 5 ਸਾਲਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਦੇ ਰਾਜ ਵਿਚ ਸਕਾਲਰਸ਼ਿਪ ਦਾ ਤਕਰੀਬਨ 1600 ਕਰੋੜ ਰੁਪਿਆ ਐਸ.ਸੀ. ਬੱਚਿਆਂ ਤੱਕ ਨਹੀਂ ਪਹੁੰਚਿਆ। ਤਕਰੀਬਨ 4 ਲੱਖ ਬੱਚਾ ਇਹ ਸਕਾਲਰਸ਼ਿਪ ਨਾ ਮਿਲਣ ਕਰਕੇ ਪ੍ਰਭਾਵਿਤ ਹੋਇਆ। ਜਿਸ ਕਰਕੇ ਉਨ੍ਹਾਂ ਨੂੰ ਡਿਗਰੀਆਂ ਨਹੀਂ ਮਿਲੀਆਂ, ਦਾਖਲਾ ਨਹੀਂ ਮਿਲਿਆ ਅਤੇ ਨੌਕਰੀਆਂ ਨਹੀਂ ਮਿਲੀਆਂ। ਮੈਨੂੰ ਬੜਾ ਮਾਣ ਹੈ ਆਪਣੀ ਸਰਕਾਰ ਤੇ ਕਿ ਮੁੱਖ ਮੰਤਰੀ ਜੀ ਨੇ ਆਉਂਦਿਆਂ ਹੀ 10 ਅਗਸਤ, 2022 ਨੂੰ ਕੈਬਨਿਟ ਬੁਲਾ ਕੇ ਫੈਸਲਾ ਲਿਆ ਕਿ ਐਸ.ਸੀ. ਸਕਾਲਰਸ਼ਿਪ ਦਾ ਮਸਲਾ ਕੇਵਲ ਵਿਦਿਅਕ ਅਦਾਰੇ ਅਤੇ ਸਰਕਾਰ ਵਿਚਾਲੇ ਹੈ, ਬੱਚਿਆਂ ਦਾ ਇਸ ਵਿਚ ਕੋਈ ਲੈਣਾ ਦੇਣਾ ਨਹੀਂ ਹੈ। ਸੋ, ਉਨ੍ਹਾਂ ਦਾ ਬਣਦਾ ਹੱਕ ਉਨ੍ਹਾਂ ਨੂੰ ਦਿੱਤਾ ਜਾਵੇ। ਐਸ.ਸੀ. ਵਿਦਿਆਰਥੀਆਂ ਦੀਆਂ ਡਿਗਰੀਆਂ ਅਤੇ ਦਸਤਾਵੇਜ਼ ਹਰ ਹਾਲਤ ਵਿਚ ਉਨ੍ਹਾਂ ਨੂੰ ਦਿੱਤੇ ਜਾਣ। ਮੈਂ ਸਦਨ ਵਿਚ ਸਿਫਾਰਸ਼ ਕਰਦਾ ਹਾਂ ਕਿ ਇਹ ਡਾਟਾ ਇਕੱਤਰ ਕੀਤਾ ਜਾਵੇ ਕਿ ਕਿੰਨੇ ਐਸ.ਸੀ. ਬੱਚਿਆਂ ਨੂੰ ਡਿਗਰੀਆਂ ਮਿਲ ਗਈਆਂ ਹਨ ਅਤੇ ਕਿੰਨਿਆਂ ਨੂੰ ਹਾਲੇ ਤੱਕ ਨਹੀਂ ਮਿਲੀਆਂ।ਜਿਹੜੇ ਕਾਲਜਾਂ ਨੇ ਡਿਗਰੀਆਂ ਨਹੀਂ ਦਿੱਤੀਆਂ, ਉਨ੍ਹਾਂ ਤੇ ਬਣਦੀ ਕਾਰਵਾਈ ਕੀਤੀ ਜਾਵੇ, ਸਖਤ ਕਾਰਵਾਈ ਕੀਤੀ ਜਾਵੇ

ਅ.ਕ/ਬ.ਸ./4.40/29.9.2022

ਤੇ ਨਾਲ ਹੀ ਇਹ ਵੀ ਡਾਟਾ ਇੱਕਠਾ ਕੀਤਾ ਜਾਵੇ ਕਿ ਇਸ ਸਾਲ ਕਿੰਨੇ ਐਸ.ਸੀ ਬੱਚੇ ਹਨ ਜਿਨ੍ਹਾਂ ਨੇ Post Matric Scholarship ਦੇ ਅੰਡਰ ਦਾਖਲਾ ਲਿਆ ਹੈ।ਇਹ ਹੀ ਯਕੀਨੀ ਬਣਾਇਆ ਜਾਵੇ ਕਿ ਜਿੰਨ੍ਹਾਂ ਦਾ ਕੋਰਸ ਪੂਰਾ ਨਹੀਂ ਹੁੰਦਾ, ਜਿੰਨ੍ਹਾਂ ਨੂੰ ਡਿਗਰੀ ਨਹੀਂ ਮਿਲਦੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਦਿੱਕਤ ਨਹੀਂ ਆਏਗੀ। ਮੈਨੂੰ ਪੂਰਾ ਯਕੀਨ ਹੈ, ਮਾਣ ਹੈ ਆਪਣੀ ਸਰਕਾਰ ਤੇ, ਆਪਣੇ ਸੀ.ਐਮ. ਸਾਹਿਬ ਤੇ ਕਿ ਜੋ ਡਾ.

ਅੰਬੇਦਕਰ ਸਾਹਿਬ ਜੀ ਦਾ ਸੁਪਨਾ ਅਧੂਰਾ ਰਹਿ ਗਿਆ, ਅਸੀਂ ਉਸ ਨੂੰ ਇੱਕਠੇ ਰਲ ਕੇ ਪੂਰਾ ਕਰਾਂਗੇ। ਧੰਨਵਾਦ ਜੀ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।) (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਡਾਕਟਰ ਰਾਜ ਕੁਮਾਰ ਜੀ, ਐਸ.ਸੀ ਸਕਾਲਰਸ਼ਿਪ ਤੇ ਕੁਝ ਕਹਿਣਾ ਚਾਹੁੰਦੇ ਹੋ? ਡਾਕਟਰ ਰਾਜ ਕੁਮਾਰ, ਮਾਨਯੋਗ ਐਮ.ਐਲ.ਏ ਸਾਹਿਬ ਐਸ.ਸੀ. ਸਕਾਲਰਸ਼ਿਪ ਤੇ ਕੁਝ ਕਹਿਣਾ ਚਾਹੁੰਦੇ ਹੋ? (ਵਿਘਨ) (ਸ਼ੋਰ) ਡਾਕਟਰ ਰਾਜ ਕੁਮਾਰ ਨੂੰ ਮੌਕਾ ਦਿੱਤਾ ਜਾ ਰਿਹਾ ਹੈ ਕਿ ਕੀ ਉਹ ਐਸ.ਸੀ. ਸਕਾਲਰਸ਼ਿਪ ਤੇ ਕੁਝ ਕਹਿਣਾ ਚਾਹੁੰਦੇ ਹਨ ਤਾਂ ਕਹਿ ਲੈਣ। ਹਾਂ ਜੀ, ਸ਼੍ਰੀ ਨਰਿੰਦਰਪਾਲ ਸਿੰਘ ਸਵਨਾ ਜੀ। ਕਈ ਸਾਥੀ ਜਿਹੜੇ ਪਹਿਲੀ ਵਾਰ ਬੋਲ ਰਹੇ ਹਨ ਮੇਰਾ ਖਿਆਲ ਹੈ ਕਿ ਜੇਕਰ ਆਪਾਂ ਉਨ੍ਹਾਂ ਨੂੰ ਨਿਰਵਿਘਨ ਜੇ ਬੋਲਣ ਦੇਈਏ ਤਾਂ ਠੀਕ ਰਹੇਗਾ। ਬਾਕੀ ਚੰਗੀਆਂ ਪ੍ਰੰਪਰਾਵਾਂ ਜੇ ਪਾਵਾਂਗੇ ਤਾਂ ਠੀਕ ਹੈ ਨਹੀਂ ਤਾਂ ਤਾੜੀਆਂ ਮਾਰ-ਮਾਰ ਕੇ ਆਪਾਂ ਪੰਜਾਬ ਦੇ ਲੋਕਾਂ ਦੇ ਵਿਸ਼ਵਾਸ਼ ਦਾ ਮਜ਼ਾਕ ਉਡਾ ਰਹੇ ਹਾਂ, ਇਹ ਨਹੀਂ ਉਡਾਉਣਾ ਚਾਹੀਦਾ ਹੈ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ (ਫਾਜ਼ਿਲਕਾ):** ਸਪੀਕਰ ਸਾਹਿਬ, ਮੈਂ ਇੱਕ ਆਮ ਦਲਿਤ ਪਰਿਵਾਰ ਤੋਂ ਚੁਣ ਕੇ ਆਇਆ ਹਾਂ। ਮੈਨੂੰ ਚੁਣ ਕੇ ਲੋਕਾਂ ਨੇ ਐਮ.ਐਲ.ਏ ਬਣਾਇਆ ਹੈ। ਅੱਜ ਮੈਂ ਵਿਧਾਨ ਸਭਾ ਦੇ ਵਿੱਚ ਜੋ ਬਹੁਤ ਹੀ ਜ਼ਰੂਰੀ ਮੁੱਦਾ ਹੈ ਐਸ.ਸੀ.ਸਕਾਲਰਸ਼ਿਪ ਤੇ ਬੋਲ ਰਿਹਾ ਹੈ। ਐਸ.ਸੀ. ਬੱਚਿਆਂ ਦੀ ਸਕਾਲਰਸ਼ਿਪ ਦੀ ਬਹੁਤ ਹੀ ਦਿੱਕਤ ਆਉਂਦੀ ਹੈ, ਪਰੇਸ਼ਾਨੀ ਆਉਂਦੀ ਹੈ। ਅੱਜ ਇਹ ਕਾਂਗਰਸੀ ਪੰਜਾਬ ਦੇ ਦੁਸ਼ਮਣ...(ਵਿਘਨ)

**ਮਾਨਯੋਗ ਸਪੀਕਰ:** ਇੱਕ ਮਿੰਟ, ਬਾਜਵਾ ਜੀ, ਕੁਝ ਪਰੰਪਰਾਵਾਂ ਚੰਗੀਆਂ ਵੀ ਰਹੀਆਂ ਹਨ। ਜਿਹੜਾ ਕੋਈ ਮਾਨਯੋਗ ਮੈਂਬਰ ਪਹਿਲੀ ਵਾਰ ਬੋਲਦਾ ਹੈ, ਮੇਰਾ ਖਿਆਲ ਹੈ ਕਿ ਆਪਾਂ ਨੂੰ ਉਸ ਨੂੰ ਸੁਣ ਲੈਣਾ ਚਾਹੀਦਾ ਹੈ। ਤੁਸੀਂ ਵੀ ਸਾਹ ਲੈ ਲਵੋਗੇ। ਤੁਸੀਂ ਵੀ ਸਾਹ ਲੈ ਲਵੋਗੇ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਬੋਲੋ ਜੀ ਸਵਨਾ ਜੀ, ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਹੈ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ:** ਇਹ ਕਾਂਗਰਸੀ ਪੰਜਾਬ ਦੇ ਦੁਸ਼ਮਣ ਅੱਜ ਜੋ ਦਲਿਤ ਵਿਦਿਆਰਥੀ, ਦਲਿਤ ਲੋਕਾਂ ਦੇ ਬੱਚਿਆਂ ਦੀ ਗੱਲ ਹੋਣ ਜਾ ਰਹੀ ਹੈ, ਉਸ ਦੇ ਵਿੱਚ ਰੋਕ ਲਗਾ ਰਹੇ ਹਨ। ਇਹ ਪੰਜਾਬ ਦੇ ਦੁਸ਼ਮਣ ਕਾਰਵਾਈ ਦੀਆਂ ਗੱਲਾਂ ਕਰ ਰਹੇ ਹਨ। ਇਥੇ ਸੁਖਜਿੰਦਰ ਰੰਧਾਵਾ ਜੀ ਖੜੇ ਹਨ, ਇਨ੍ਹਾਂ ਤੇ ਪਿਛਲੇ ਦਿਨੀਂ ਇੱਕ ਲੜਕੀ ਨੇ ਆਰੋਪ ਲਗਾਇਆ। ਇਥੇ ਸੁਖਪਾਲ ਖਹਿਰਾ ਜੀ ਖੜੇ ਹਨ, ਇਨ੍ਹਾਂ ਤੇ ਨਸ਼ੇ ਦੇ ਵਪਾਰੀ ਹੋਣ ਦਾ ਆਰੋਪ ਲੱਗਿਆ ਹੋਇਆ ਹੈ। ਇਥੇ ਰਾਜਾ ਵੜਿੰਗ ਜੀ ਖੜੇ ਹਨ, ਇਨ੍ਹਾਂ ਤੇ ਬੱਸਾਂ ਦੀਆਂ ਬਾਡੀਆਂ ਖਾਣ ਦਾ ਆਰੋਪ ਲੱਗਿਆ ਹੋਇਆ ਹੈ ਨਾਲ ਹੀ ਇੱਕ ਦਰਜੀ ਦੇ ਵੀ ਪੈਸੇ ਰਾਜਾ ਵੜਿੰਗ ਜੀ ਨੇ ਨਹੀਂ ਦਿੱਤੇ, ਉਹ ਦਰਜੀ ਇਨ੍ਹਾਂ ਦੇ ਪਿੱਛੇ-ਪਿੱਛੇ ਹੈ, ਜਿਸ ਦੇ ਇਨ੍ਹਾਂ ਨੇ ਪੈਸੇ ਨਹੀਂ ਦਿੱਤੇ ਹਨ। ਇਥੇ ਸੰਦੀਪ ਜਾਖੜ ਜੀ ਖੜੇ ਹਨ, ਇਨ੍ਹਾਂ ਦੇ ਚਾਚਾ ਜੀ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ, ਅੱਜਕਲ੍ਹ ਬੀ.ਜੇ.ਪੀ ਵਿੱਚ ਭਾਈਵਾਲ ਬਣੇ ਹਨ। ਇਨ੍ਹਾਂ ਦਾ ਲੋਟਸ ਆਪਰੇਸ਼ਨ ਹੈ। ਇਨ੍ਹਾਂ ਦੀ ਗੰਢ ਤੁਪ ਕਰਵਾਉਣ ਵਾਲਾ ਸ਼੍ਰੀ ਸੁਨੀਲ ਕੁਮਾਰ ਜਾਖੜ ਇਨ੍ਹਾਂ ਦਾ ਭਾਈਵਾਲ ਹੈ। ਜਾਖੜ ਸਾਹਿਬ ਰੌਲਾ ਪਾ ਰਹੇ ਹਨ। ਸਾਨੂੰ ਦਲਿਤ ਵਿਦਿਆਰਥੀਆਂ ਦੀ ਗੱਲ ਕਰ ਲੈਣ ਦੇਣੀ ਚਾਹੀਦੀ ਹੈ। ਸਪੀਕਰ ਸਾਹਿਬ, ਸਾਡੇ ਮਾਨਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਲਿਤ ਲੋਕਾਂ ਦੇ ਲਈ ਬਹੁਤ ਵਧੀਆ ਕੰਮ ਕਰ ਰਹੇ ਹਨ। ਸਾਡਾ ਜ਼ਿਲ੍ਹਾ ਫਾਜ਼ਿਲਕਾ ਅਤੇ ਨਾਲ ਲਗਦਾ ਜ਼ਿਲ੍ਹਾ ਫਿਰੋਜ਼ਪੁਰ , ਉਥੇ ਬਹੁ ਗਿਣਤੀ ਐਸ.ਸੀ. ਭਾਈਚਾਰੇ ਦੀ ਹੈ। ਪਿਛਲੀਆਂ ਸਰਕਾਰਾਂ ਦੇ ਵਿੱਚ ਕੁਝ ਵਿਦਿਅੱਕ ਅਦਾਰੇ ਆਪਸ ਵਿੱਚ ਉਲਝਦੇ ਰਹੇ ਹਨ, ਜਿਸ ਨਾਲ ਸਾਡੇ ਐਸ.ਸੀ. ਵਿਦਿਆਰਥੀਆਂ ਦੀ ਪੜ੍ਹਾਈ ਤੇ ਬੁਰਾ ਅਸਰ ਪੈ ਰਿਹਾ ਹੈ। ਸਾਡੇ ਇਲਾਕੇ ਨਾਲ ਸਬੰਧਤ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟ ਲੈਣ ਲਈ ਧਰਨੇ ਲਗਾਉਣੇ ਪੈਂਦੇ ਰਹੇ ਹਨ। ਕਈ ਵਾਰ ਤਾਂ ਕਈ ਵਿਦਿਆਰਥੀ ਸਰਟੀਫਿਕੇਟ ਨਾ ਮਿਲਣ ਕਾਰਣ ਨੌਕਰੀ ਲਈ ਅਪਲਾਈ ਵੀ ਨਹੀਂ ਕਰ ਸਕੇ। ਸੋ ਪੰਜਾਬ ਦੇ ਲੋਕਾਂ ਦੀ ਦੁਸ਼ਮਣ ਪਿਛਲੀ ਕਾਂਗਰਸ ਸਰਕਾਰ ਦੀਆਂ ਨਕਾਮੀਆਂ ਦੇ ਕਾਰਣ ਪਿਛਲੇ ਦਿਨੀ ਮੇਰੇ ਫਾਜ਼ਿਲਕਾ ਦੇ ਐਮ.ਆਰ. ਕਾਲਜ ਦੇ ਵਿੱਚ ਵਿਦਿਆਰਥੀਆਂ ਨੂੰ ਦਾਖਲਾ ਲੈਣ ਵਿੱਚ ਬਹੁਤ ਦਿੱਕਤ ਆਈ। ਕਾਲਜ ਪ੍ਰਸ਼ਾਸਨ ਵੱਲੋਂ ਕਾਲਜ ਨੂੰ ਚਲਾਉਣ ਵਿੱਚ ਕਾਫੀ ਪਰੇਸ਼ਾਨੀਆਂ ਆਈਆਂ। ਸੋ ਮੇਰਾ ਇਹ ਸੁਝਾਅ ਹੈ, ਜੋ ਸਕਾਲਰਸ਼ਿਪ ਵਿਦਿਅਕ ਅਦਾਰਿਆਂ ਨੂੰ ਦਿੱਤੀ ਜਾਂਦੀ ਹੈ, ਉਹ ਸਟਾਈਪੈਂਡ ਵਿਦਿਆਰਥੀਆਂ ਦੇ ਖਾਤੇ ਵਿੱਚ ਪਾਇਆ ਜਾਵੇ ਤਾਂ ਹੀ ਇਹ ਰੌਲਾ ਮੁੱਕ ਸਕਦਾ ਹੈ। (ਸ਼ੋਰ)

4.45 / 29.09.2022 ਤਰਲੋਚਨ ਸਿੰਘ / ਬਰਿੰਦਰਾ ਸਿੰਘ

ਇਸ ਤੋਂ ਇਲਾਵਾ ਮੈਂ ਰਾਜਾ ਵੜਿੰਗ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਜਿਹੜੇ ਦਰਜੀ ਦੇ ਪੈਸੇ ਨਹੀਂ ਦਿੱਤੇ ਸਨ, ਉਹ ਦੇ ਕੇ ਆਏ ਹੋ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ ਅਤੇ ਜ਼ੋਰਦਾਰ ਸ਼ੋਰ)

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰੋ। ਮਤੇ ਤੇ ਬੋਲੋ। (ਸ਼ੋਰ) ਸਵਨਾ ਜੀ ਤੁਸੀਂ ਬੋਲੋ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ** : ਮੈਂ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਵਿੱਦਿਅਕ ਅਦਾਰੇ ਰੈਗੂਲਰ ਦੀ ਥਾਂ ਤੇ ਗੈਰ ਕਾਨੂੰਨੀ ਤੌਰ ਤੇ ਨਾਨ ਅਟੈਂਡਿੰਗ ਦਾਖਲੇ ਕਰਦੇ ਹਨ, ਉਨ੍ਹਾਂ ਤੇ ਰੋਕ ਲਗਾਈ ਜਾਵੇ ਅਤੇ ਬਾਇਓ ਮੀਟਰਿਕ ਹਾਜ਼ਰੀ ਲਗਾਈ ਜਾਵੇ। (ਵਿਘਨ)

**ਮਾਨਯੋਗ ਸਪੀਕਰ** : ਧੰਨਵਾਦ ਜੀ। ਹੁਣ ਦੇਵ ਮਾਨ ਜੀ ਬੋਲਣਗੇ। (ਵਿਘਨ) (ਸ਼ੋਰ)

**ਸਰਦਾਰ ਗੁਰਦੇਵ ਸਿੰਘ ਦੇਵ ਮਾਨ (ਨਾਭਾ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੜੇ ਸੈਂਸੇਟਿਵ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। (ਸ਼ੋਰ) ਮਤੇ ਵਿੱਚ ਗੱਲ ਕਹੀ ਗਈ ਹੈ ਕਿ ਜਿਹੜੇ ਗਰੀਬ ਬੱਚਿਆਂ ਦਾ ਪਿਛਲੀ ਕਾਂਗਰਸ ਦੀ ਸਰਕਾਰ ਵੱਲੋਂ ਵਜ਼ੀਫਾ ਨਹੀਂ ਅਦਾ ਕੀਤਾ ਗਿਆ, ਉਹ ਬੱਚੇ ਇਗਜ਼ਾਮ ਨਹੀਂ ਦੇ ਸਕੇ, ਉਨ੍ਹਾਂ ਦਾ ਭਵਿੱਖ ਤਬਾਹ ਹੋ ਗਿਆ ਹੈ। (ਵਿਘਨ) ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਅੱਜ ਵਿਧਾਨ ਸਭਾ ਵਿੱਚ ਇਸ ਬੜੇ ਹੀ ਸੈਂਸੇਟਿਵ ਇਸ਼ੂ ਤੇ ਗੱਲ ਹੋ ਰਹੀ ਹੈ ਅਤੇ ਉਹ ਬੰਦਾ ਜਿਸ ਨੇ ਇਹ ਕੰਮ ਕੀਤਾ ਹੈ, ਉਹ ਨਾਭਾ ਹਲਕੇ ਤੋਂ ਐਮ.ਐਲ.ਏ. ਸੀ, ਇਹ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਉਸ ਨੂੰ ਕਲੀਨ ਚਿੱਟਾਂ ਦਿੰਦੇ ਫਿਰਦੇ ਸਨ। ਅੱਜ ਵਿਧਾਨ ਸਭਾ ਵਿੱਚ ਗਰੀਬ ਬੱਚਿਆਂ ਦੇ ਵਜ਼ੀਫੇ ਦੀ ਗੱਲ ਹੋ ਰਹੀ ਹੈ ਅਤੇ ਇਹ ਪਿੱਠ ਕਰਕੇ ਖੜ੍ਹੇ ਹਨ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ।(ਸ਼ੋਰ) ਅੱਜ ਪੰਜਾਬ ਦੇ ਗਰੀਬ ਬੱਚਿਆਂ ਦੇ ਭਵਿੱਖ ਦੀ ਗੱਲ ਵਿਧਾਨ ਸਭਾ ਵਿੱਚ ਹੋ ਰਹੀ ਹੈ। ਆਮ ਆਦਮੀ ਪਾਰਟੀ ਅਤੇ ਸਾਡੇ ਮੁੱਖ ਮੰਤਰੀ ਭਗਵੰਤ ਮਾਨ ਹੋਰੀਂ ਗਰੀਬ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਬਹੁਤ ਸੁਚੇਤ ਹਨ। (ਵਿਘਨ) ਪਰ ਪਿਛਲੀਆਂ ਸਰਕਾਰਾਂ ਵਿੱਚ ਜਿਹੜਾ ਕੰਮ ਇਨ੍ਹਾਂ ਲੋਕਾਂ ਨੇ, ਇਨ੍ਹਾਂ ਲੀਡਰਾਂ ਨੇ ਕੀਤਾ ਹੈ, ਜਿਹੜੇ ਕਿ ਅੱਜ ਨਾਅਰੇ ਲਗਾ ਰਹੇ ਹਨ, ਉਹ ਕੰਮ ਬੜਾ ਮੰਦਭਾਗਾ ਹੈ। ਅੱਜ ਜਿਨ੍ਹਾਂ ਗਰੀਬਾਂ ਨੇ ਇਨ੍ਹਾਂ ਨੂੰ ਵੋਟਾਂ ਪਾ ਕੇ ਵਿਧਾਨ ਸਭਾ ਵਿੱਚ ਭੇਜਿਆ ਹੈ, ਇਹ ਉਨ੍ਹਾਂ ਨੂੰ ਪਿੱਠ ਦਿਖਾ ਕੇ ਖੜ੍ਹੇ ਹਨ। (ਸ਼ੋਰ) ਮੈਂ ਪੰਜਾਬ ਦੇ ਗਰੀਬ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਉਹ ਕਾਂਗਰਸੀ ਹਨ, ਜਿਹੜੇ ਕਿ ਤੁਹਾਡੀਆਂ ਵੋਟਾਂ ਲੈਂਦੇ ਹਨ ਅਤੇ ਅੱਜ ਸਮਾਂ ਆਉਣ ਤੇ ਪਿੱਠ ਦਿਖਾ ਕੇ ਖੜ੍ਹੇ ਹਨ। (ਵਿਘਨ) ਪਰ ਆਮ ਆਦਮੀ ਪਾਰਟੀ, ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਅਤੇ ਸਾਡੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਸਾਹਿਬ ਗਰੀਬਾਂ ਦੇ ਬੱਚਿਆਂ ਲਈ ਬੜੇ ਸੁਚੇਤ ਹਨ। ਸਾਡੀ ਪਾਰਟੀ ਨੇ ਦਿੱਲੀ ਵਿੱਚ ਅਤੇ ਸਾਡੀ ਸਰਕਾਰ ਨੇ ਪੰਜਾਬ ਵਿੱਚ ਹੁਣ ਤੱਕ ਹੋਈਆਂ ਗੜਬੜੀਆਂ ਨੂੰ ਅੱਛੇ ਤਰੀਕੇ ਨਾਲ ਠੀਕ ਕਰਕੇ ਐਸਾ ਸਿਸਟਮ ਬਣਾਉਣਾ ਹੈ ਕਿ ਆਉਣ ਵਾਲੇ

ਸਮੇਂ ਵਿੱਚ ਗਰੀਬਾਂ ਦੇ ਬੱਚੇ ਪੜ੍ਹ ਲਿਖ ਕੇ ਆਈ.ਐਸ. ਅਫ਼ਸਰ ਬਣਨ (ਥੰਪਿੰਗ), ਪੜ੍ਹ ਲਿਖ ਕੇ ਪੀ.ਸੀ.ਐਸ. ਅਫ਼ਸਰ ਬਣਨ, ਪੜ੍ਹ ਲਿਖ ਕੇ ਸਾਇੰਟਿਸਟ ਬਣਨ। ਸਾਡੀ ਪਾਰਟੀ ਉਨ੍ਹਾਂ ਨੂੰ ਚੰਗੀ ਸਿੱਖਿਆ ਦੇਣ ਦੀ ਗੱਲ ਕਰ ਰਹੀ ਹੈ। (ਸ਼ੋਰ) ਸਪੀਕਰ ਸਾਹਿਬ, ਰਾਜਾ ਵੜਿੰਗ ਜੀ ਖੜ੍ਹੇ ਹਨ।

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰੋ।

**ਸਰਦਾਰ ਗੁਰਦੇਵ ਸਿੰਘ ਦੇਵ ਮਾਨ** : ਮੈਂ ਵਾਈਂਡ ਅੱਪ ਕਰਦਾ ਹਾਂ ਜੀ।

ਇਨ੍ਹਾਂ ਦੇ ਆਪੋਜ਼ੀਸ਼ਨ ਦੇ ਲੀਡਰ ਖੜ੍ਹੇ ਹਨ। ਮੈਂ ਕਾਂਗਰਸ ਦੇ ਪ੍ਰਧਾਨ ਨੂੰ, ਵੜਿੰਗ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗਰੀਬਾਂ ਨੇ ਤੁਹਾਨੂੰ ਵੋਟਾਂ ਪਾ ਕੇ ਕੀ ਗੁਨਾਹ ਕਰ ਦਿੱਤਾ ਹੈ? ਗਰੀਬਾਂ ਦੇ ਹੱਕ ਵਿੱਚ ਬੋਲਣ ਲਈ ਤੁਹਾਡੇ ਮੂੰਹ ਵਿੱਚ ਜ਼ਬਾਨ ਨਹੀਂ ਹੈ? (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਮੈਂ ਪ੍ਰਤਾਪ ਸਿੰਘ ਬਾਜਵਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਪੰਜਾਬ ਦੇ ਗਰੀਬਾਂ ਨੂੰ ਪਿੱਠ ਕਿਉਂ ਦਿਖਾ ਰਹੇ ਹੋ? (ਸ਼ੋਰ) (ਵਿਘਨ) ਗਰੀਬਾਂ ਨੇ ਤੁਹਾਨੂੰ ਲੰਮਾ ਸਮਾਂ ਵੋਟਾਂ ਪਾ ਕੇ ਤੁਹਾਡੇ ਸਿਰ ਤੇ ਤਾਜ ਸਜਾਏ ਹਨ। ਪਰ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਅੱਜ ਵੀ ਧੋਖਾ ਕਰ ਰਹੇ ਹਨ। (ਸ਼ੋਰ) ਸਾਰੀ ਦੁਨੀਆਂ ਵਿੱਚ ਲਾਈਵ ਚੱਲ ਰਿਹਾ ਹੈ। ਵੀਰੋ, ਗਰੀਬ ਬੱਚਿਆਂ ਦੇ ਭਵਿੱਖ ਬਾਰੇ ਗੱਲ ਹੋ ਰਹੀ ਹੈ ਪਰ ਇਹ ਕਾਂਗਰਸੀ, ਇਹ ਲੀਡਰ ਗਰੀਬਾਂ ਨਾਲ ਧੋਖਾ ਕਰਦੇ ਰਹੇ ਹਨ ਅਤੇ ਅੱਜ ਵੀ ਇਸ ਸਮੇਂ ਵਿਧਾਨ ਸਭਾ ਵਿੱਚ ਗਰੀਬਾਂ ਨੂੰ ਪਿੱਠ ਦਿਖਾ ਕੇ ਖੜ੍ਹੇ ਹਨ।

**ਮਾਨਯੋਗ ਸਪੀਕਰ** : ਧੰਨਵਾਦ ਜੀ। ਰਜਨੀਸ਼ ਦਹੀਯਾ ਜੀ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਦਾ ਦਿਨ ਮੈਂ ਸਮਝਦਾ ਹਾਂ ਕਿ ਦਲਿਤ ਵਰਗ ਵਾਸਤੇ ਬੜਾ ਹੀ ਕਾਲਾ ਦਿਨ ਹੈ।

**ਮਾਨਯੋਗ ਸਪੀਕਰ** : ਇੱਕ ਮਿੰਟ ਦਹੀਆ ਜੀ, ਬੀਬੀ ਮਾਣੂਕੇ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.)** : ਸਪੀਕਰ ਸਾਹਿਬ, ਇਸ ਸਮੇਂ ਪੰਜਾਬ ਦੇ ਲੋਕਾਂ ਦੀ ਨਿਗਾਹ ਤੁਹਾਡੇ ਤੇ ਹੈ। ਤੁਸੀਂ ਇਸ ਸਮੇਂ ਉਸ ਮੁੱਦੇ ਤੇ ਬਹਿਸ ਕਰਵਾ ਰਹੇ ਹੋ ਜਿਸ ਨੂੰ ਲੱਖਾਂ ਲੋਕ ਸੁਣ ਰਹੇ ਹਨ। ਤੁਸੀਂ ਇਨ੍ਹਾਂ ਨੂੰ ਕਹੋ ਕਿ ਜੇਕਰ ਐਸ.ਸੀ. ਬੱਚਿਆਂ ਦੀ ਗੱਲ ਕਰਨੀ ਚਾਹੁੰਦੇ ਹਨ ਤਾਂ ਸੀਟਾਂ ਤੇ ਆ ਜਾਣ, ਨਹੀਂ ਤਾਂ ਇਨ੍ਹਾਂ ਖਿਲਾਫ ਐਸ.ਸੀ. ਵਿਰੋਧੀ ਹੋਣ ਦਾ ਮਤਾ ਪਾਸ ਕੀਤਾ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਨ੍ਹਾਂ ਵਿੱਚ ਕਈ ਐਸ.ਸੀ. ਭਾਈਚਾਰੇ ਦੇ ਬੰਦੇ ਖੜ੍ਹੇ ਹਨ। ਇਨ੍ਹਾਂ ਤੇ ਐਸ.ਸੀ. ਵਿਰੋਧੀ ਹੋਣ ਦਾ ਮਤਾ ਪਾਸ ਕੀਤਾ ਜਾਵੇ। (ਵਿਘਨ)(ਸ਼ੋਰ)

ਗ.ਕੌ/ਰ.ਕ./ 29-9-2022/ 4.50

**ਮਾਨਯੋਗ ਸਪੀਕਰ:** ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ। ਈ.ਟੀ.ਓ. ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਊਰਜਾ ਮੰਤਰੀ (ਸਰਦਾਰ ਹਰਭਜਨ ਸਿੰਘ):** ਐਸ.ਸੀ. ਬੱਚਿਆਂ ਦੇ ਪੈਸੇ ਇਨ੍ਹਾਂ ਨੇ ਖਾਧੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਅਸੀਂ ਉਨ੍ਹਾਂ ਦੇ ਮੁੱਦੇ ਤੇ ਗੱਲ ਕਰਨੀ ਚਾਹੁੰਦੇ ਹਾਂ। ਇੱਥੇ ਰੈਜ਼ੋਲਿਊਸ਼ਨ ਪਾਸ ਕੀਤਾ ਜਾਵੇ ਕਿ ਕਾਂਗਰਸ ਪਾਰਟੀ ਅਨੁਸੂਚਿਤ ਜਾਤੀ ਵਿਰੋਧੀ ਹੈ। ਇਸ ਹਾਊਸ ਵਿੱਚ ਮਤਾ ਪਾਸ ਕੀਤਾ ਜਾਵੇ। ਕਾਂਗਰਸ ਪਾਰਟੀ ਗਰੀਬਾਂ ਦੇ ਵਿਰੁੱਧ ਹੈ। ਅੱਜ ਸਾਡੇ ਬੱਚਿਆਂ ਨੂੰ ਡਿਗਰੀਆਂ ਨਹੀਂ ਮਿਲ ਰਹੀਆਂ। ਅੱਜ ਸਾਡੇ ਬੱਚੇ ਪੜ੍ਹਾਈ ਤੋਂ ਵਾਂਝੇ ਰਹਿ ਗਏ ਹਨ। ਸਪੀਕਰ ਸਾਹਿਬ, ਇਹ 64 ਕਰੋੜ ਰੁਪਿਆ ਖਾ ਗਏ ਹਨ। ਇਨ੍ਹਾਂ ਸਰਕਾਰਾਂ ਨੇ ਸਾਡੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ। ਸਪੀਕਰ ਸਾਹਿਬ, ਅੱਜ ਕਾਂਗਰਸ ਦਾ ਦਲਿਤ ਵਿਰੋਧੀ ਚਿਹਰਾ, ਅਨੁਸੂਚਿਤ ਜਾਤੀ ਵਿਰੋਧੀ ਚਿਹਰਾ ਸਪੱਸ਼ਟ ਤੌਰ ਤੇ ਸਾਹਮਣੇ ਆ ਗਿਆ ਹੈ। ਇਹ ਗਰੀਬਾਂ ਨਾਲ ਸਬੰਧਤ ਕੋਈ ਵੀ ਗੱਲ ਨਹੀਂ ਕਰਨਾ ਚਾਹੁੰਦੇ। ਇੱਧਰ ਨੂੰ ਮੂੰਹ ਕਰਕੇ ਗੱਲ ਕਰਨ। (ਵਿਘਨ)(ਸ਼ੋਰ) ਇੱਧਰ ਨੂੰ ਤਾਂ ਦੇਖ ਲਵੋ। ਮਾਨਯੋਗ ਮੈਂਬਰ ਸਾਹਿਬ, ਐਲ.ਓ.ਪੀ. ਸਾਹਿਬ ਇੱਧਰ ਤਾਂ ਦੇਖ ਲਵੋ। ਇੱਧਰ ਵੀ ਧਿਆਨ ਕਰ ਲਵੋ। ਸਾਡੀ ਅੱਖ ਵਿੱਚ ਅੱਖ ਪਾ ਕੇ ਗੱਲ ਤਾਂ ਕਰ ਲਵੋ। ਤੁਸੀਂ ਗਰੀਬਾਂ ਦਾ ਖੂਨ ਚੂਸਿਆ ਹੈ। ਤੁਸੀਂ ਗਰੀਬਾਂ ਦੇ ਪੈਸੇ ਖਾਧੇ ਹਨ। ਤੁਸੀਂ ਗਰੀਬਾਂ ਦੇ ਵਜ਼ੀਫੇ ਖਾਧੇ ਹਨ। ਗਰੀਬ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਿਆ। ਉਨ੍ਹਾਂ ਦੇ ਬੱਚੇ ਸੜ੍ਹਕਾਂ ਤੇ ਰੁਲ ਗਏ। ਅੱਜ ਗਰੀਬ ਘਰਾਂ ਦੇ ਬੱਚੇ, ਆਮ ਘਰਾਂ ਦੇ ਬੱਚੇ ਵਿਧਾਨ ਸਭਾ ਵਿੱਚ ਆ ਕੇ ਬੈਠ ਗਏ ਹਨ। ਸਪੀਕਰ ਸਾਹਿਬ, ਇਨ੍ਹਾਂ ਨੂੰ ਸਭ ਤੋਂ ਜ਼ਿਆਦਾ ਗੱਲ ਇਹੀ ਚੁੱਭਦੀ ਹੈ ਕਿ ਇਹ ਪਹਿਲਾਂ ਕੀ ਸਨ ਅਤੇ ਹੁਣ ਕਿਹੜੀਆਂ ਕੁਰਸੀਆਂ ਤੇ ਆ ਕੇ ਬੈਠ ਗਏ ਹਨ। ਅੱਜ ਇਨ੍ਹਾਂ ਵਿੱਚੋਂ ਕੁਝ ਮੰਤਰੀ ਬਣ ਗਏ ਹਨ। ਅੱਜ ਵਿਧਾਇਕ ਬਣ ਗਏ ਹਨ। ਕਾਂਗਰਸ ਪਾਰਟੀ ਨੂੰ ਅੱਜ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਅਸੀਂ ਆਮ ਘਰਾਂ ਦੇ ਬੱਚੇ ਵਿਧਾਨ ਸਭਾ ਵਿੱਚ ਕਿਵੇਂ ਬੈਠ ਗਏ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਹੁਣ ਬੈਠੋ ਜੀ। ਹਾਂ ਜੀ, ਲਾਲ ਚੰਦ ਕਟਾਰੂਚੱਕ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ਼੍ਰੀ ਲਾਲ ਚੰਦ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਇਹ ਬਹੁਤ ਅਫਸੋਸ ਅਤੇ ਚਿੰਤਾ ਵਾਲੀ ਗੱਲ ਹੈ। ਬਹੁਤ ਹੀ ਨਾਜ਼ੁਕ ਅਤੇ ਸੀਰੀਅਸ ਮਸਲਾ ਚੱਲ ਰਿਹਾ ਹੈ। ਅੱਜ ਪੰਜਾਬ ਦੀ ਅਸੈਂਬਲੀ ਦੇ ਅੰਦਰ ਜਿਨ੍ਹਾਂ ਮੁੱਦਿਆਂ ਤੇ ਚਰਚਾ ਹੋਣੀ ਸੀ, ਮੈਨੂੰ ਬਹੁਤ ਅਫਸੋਸ ਹੈ ਕਿ ਸਾਡੀ ਵਿਰੋਧੀ ਧਿਰ ਨੇ, ਕਾਂਗਰਸ ਪਾਰਟੀ ਨੇ ਆਪਣੇ ਅੰਦਰ ਲੁਕਿਆ ਹੋਇਆ ਸੱਚ ਸਾਹਮਣੇ ਲਿਆ ਦਿੱਤਾ ਹੈ ਜਿਸ ਨੂੰ ਸਾਰਾ ਦੇਸ਼ ਅਤੇ ਸਾਰਾ ਪੰਜਾਬ ਦੇਖ ਰਿਹਾ ਹੈ। ਐਸ.ਸੀ. ਬੱਚਿਆਂ ਦੀ ਸਕਾਲਸ਼ਿਪ ਦੇ ਪੈਸੇ ਕਿਨ੍ਹਾਂ ਬੱਚਿਆਂ ਦੇ ਹਨ ਇਨ੍ਹਾਂ ਕਿਹੜੀਆਂ ਮਾਵਾਂ ਦੇ ਬੱਚਿਆਂ ਦੇ ਹਨ, ਇਹ ਪੈਸੇ ਉਨ੍ਹਾਂ

ਮਾਵਾਂ ਦੇ ਬੱਚਿਆਂ ਦੇ ਹਨ ਜਿਨ੍ਹਾਂ ਮਾਵਾਂ ਬਾਰੇ ਸੰਤ ਰਾਮ ਦਾਸੀ ਆਪਣੀ ਕਲਮ ਤੇ ਲਿਖਦੇ ਹਨ, ਜਿਨ੍ਹਾਂ ਮਾਵਾਂ ਦੇ ਦੁੱਖਾਂ ਨੂੰ ਸੰਤ ਰਾਮ ਦਾਸੀ ਆਪਣੀ ਕਲਮ ਤੇ ਲਿਖਦਾ ਹੈ (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਲਾਲ ਚੰਦ ਜੀ ਦਾ ਮਾਈਕ ਬੰਦ ਹੋ ਗਿਆ ਹੈ। ਉਸ ਨੂੰ ਆਨ ਕਰੋ।

(ਇਸ ਸਮੇਂ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ਦਾ ਮਾਈਕ ਬੰਦ ਹੋਣ ਕਰਕੇ ਕੁਝ ਸਾਫ ਸੁਣਾਈ ਨਹੀਂ ਦਿੱਤਾ।)

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ:** ਇਹ ਪੈਸੇ ਉਨ੍ਹਾਂ ਮਾਵਾਂ ਦੇ ਬੱਚਿਆਂ ਦੇ ਹਨ ਜਿਹੜੀਆਂ ਮਾਵਾਂ ਪਿੰਡਾਂ ਦੇ ਅੰਦਰ ਮੰਜਿਆਂ ਨੂੰ ਬੁਣ ਕੇ 10-10 ਰੁਪਏ ਇਕੱਠੇ ਕਰਕੇ ਆਪਣੇ ਬੱਚਿਆਂ ਨੂੰ ਸਕੂਲਾਂ ਕਾਲਜਾਂ ਵਿੱਚ ਭੇਜਿਆ ਹੈ। ਸਾਨੂੰ ਅਫਸੋਸ ਹੈ ਕਿ ਲੰਮਾ ਸਮਾਂ ਕਾਂਗਰਸ ਪਾਰਟੀ ਨੇ ਦਲਿਤਾਂ ਦੀ ਵੋਟਾਂ ਤੇ ਰਾਜ ਕੀਤਾ ਅਤੇ ਅੱਜ ਇਨ੍ਹਾਂ ਦਾ ਦਲਿਤ ਵਿਰੋਧੀ ਚਿਹਰਾ ਸਭ ਦੇ ਸਾਹਮਣੇ ਨੰਗਾ ਹੋ ਗਿਆ ਹੈ। ਅੱਜ ਇਹ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਹੈ ਕਿ ਭਾਰਤ ਦੇ ਅੰਦਰ ਕਿਸੇ ਸੂਬੇ ਵਿੱਚ ਪੰਜਾਬ ਵਿੱਚ ਅੰਦਰ 58 ਵਕੀਲ ਅੱਜ ਏ.ਸੀ. ਦਫਤਰ ਦੇ ਅੰਦਰ ਕੰਸੀਡਰ ਕੀਤੇ ਹਨ। ਇਹ ਮਾਨ ਸਾਹਿਬ ਦੀ ਸਰਕਾਰ ਨੇ ਕੀਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਆਪਣੀਆਂ ਰਾਜਨੀਤਕ ਪ੍ਰੰਪਰਾਵਾਂ ਨੂੰ ਭੁੱਲ ਕੇ ਉਸ ਨੂੰ ਮਿੱਟੀ ਵਿੱਚ ਰੋਲ ਕੇ ਰੱਖ ਦਿੱਤਾ ਹੈ। ਰੰਧਾਵਾ ਸਾਹਿਬ ਮੇਰੇ ਸਾਹਮਣੇ ਖੜ੍ਹੇ ਹਨ। ਇਨ੍ਹਾਂ ਦੀ ਆਡੀਓ ਅੱਜ ਵੀ ਮਾਝੇ ਵਿੱਚ ਪਿੰਡਾਂ ਵਿੱਚ ਹਰੇਕ ਦੇ ਘਰਾਂ ਵਿੱਚ ਸੁਣੀ ਜਾਂਦੀ ਹੈ। ਜਿਨ੍ਹਾਂ ਨੇ ਪੰਚਾਇਤੀ ਚੋਣਾਂ ਅੰਦਰ 10-10 ਲੱਖ ਰੁਪਏ ਦੇ ਸੌਦੇ ਕਰਕੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਿਆ ਹੈ। ਸੋ, ਮੈਂ ਸਮਝਦਾ ਹਾਂ ਕਿ ਹਾਊਸ ਨੂੰ ਇਸ ਦੀ ਨਿੰਦਿਆ ਕਰਨੀ ਚਾਹੀਦੀ ਹੈ

4.55 ਕੁ.ਕ/ਰ.ਕ 29.09.2022

ਅੱਜ ਹਾਊਸ ਵਿੱਚ ਖੇਡਾਂ ਵਤਨ ਪੰਜਾਬ ਦੀਆਂ ਮੁੱਦੇ ਤੇ ਚਰਚਾ ਹੋਣੀ ਸੀ। ਪੰਜਾਬ ਦੇ ਬੱਚੇ ਪਿੰਡਾਂ ਦੇ ਸਕੂਲਾਂ ਵਿੱਚੋਂ ਨਿਕਲ ਦੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਜਾ ਰਹੇ ਹਨ। ਸੋ, ਮੈਂ ਸਮਝਦਾ ਹਾਂ ਕਿ ਬਾਬਾ ਸਾਹਿਬ, ਡਾਕਟਰ ਬੀ.ਆਰ. ਅੰਬੇਦਕਰ ਜੀ ਦੇ ਬਣਾਏ ਕੰਸਟੀਚਿਊਸ਼ਨ ਦਾ ਨਜਾਇਜ਼ ਫਾਇਦਾ ਉਠਾਇਆ ਜਾ ਰਿਹਾ ਹੈ। (ਵਿਘਨ)(ਸ਼ੋਰ) ਅੱਜ ਇਹ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਸਵੇਰ ਦੇ ਰੌਲਾ ਪਾ ਰਹੇ ਹਨ। ਇਨ੍ਹਾਂ ਨੇ ਸਾਰਾ ਸਮਾਂ ਬਰਬਾਦ ਕੀਤਾ ਹੈ। ਅੱਜ ਪੰਜਾਬ ਦੇ ਪਰਾਲੀ ਦੇ ਮੁੱਦੇ ਦੀ ਚਰਚਾ ਹੋਣੀ ਸੀ। ਅੱਜ ਪੰਜਾਬ ਦੇ ਅੰਦਰ 10 ਦਿਨਾਂ ਬਾਅਦ ਲੋਕਾਂ ਦਾ ਜੋ ਦਮ ਘੁਟਣਾ ਹੈ, ਉਸ ਸਬੰਧੀ ਗੱਲ ਹੋਣੀ

ਸੀ। ਅੱਜ ਖੇਡਾਂ ਦੀ ਚਰਚਾ ਹੋਣੀ ਸੀ। ਅੱਜ ਸਕਾਲਰਸ਼ਿਪ ਸਬੰਧੀ ਚਰਚਾ ਹੋਣੀ ਸੀ ਪਰ ਅਫਸੋਸ ਹੈ ਕਿ ਇਹ ਲੋਕ ਜਿਹੜੇ ਕਹਿੰਦੇ ਹਨ ਕਿ ਸਾਨੂੰ ਬਹੁਤ ਤਜ਼ਰਬਾ ਹੈ। ਇਨ੍ਹਾਂ ਦਾ ਤਜ਼ਰਬਾ ਅੱਜ ਸਭ ਦੇ ਸਾਹਮਣੇ ਦਿਖ ਰਿਹਾ ਹੈ। (ਵਿਘਨ)(ਸ਼ੋਰ) ਇਸ ਗੱਲ ਦਾ ਬਹੁਤ ਅਫਸੋਸ ਹੈ। ਇਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਰਾਜ ਸੱਤਾ ਸੌਂਪੀ ਸੀ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪੰਜਾਬ ਦੇਖ ਰਿਹਾ ਹੈ। ਸਾਰਾ ਦੇਸ਼ ਦੇਖ ਰਿਹਾ ਹੈ। ਇਹ ਪੰਜਾਬ ਦੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ। (ਵਿਘਨ)(ਸ਼ੋਰ) ਤੁਹਾਨੂੰ ਪੰਜਾਬ ਦੇ ਲੋਕ ਮੁਆਫ ਨਹੀਂ ਕਰਨਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਮਤਾ ਅੱਜ ਸਦਨ ਵਿੱਚ ਪੇਸ਼ ਕੀਤਾ ਗਿਆ ਹੈ, ਇਹ ਨਾ ਕੇਵਲ ਪੰਜਾਬ ਦੇ ਲੋਕਾਂ ਦੇ ਜਜ਼ਬਾਤਾਂ ਨਾਲ ਜੁੜਿਆ ਹੈ ਬਲਕਿ ਉਨ੍ਹਾਂ ਲੱਖਾਂ ਦਲਿਤ ਵਿਦਿਆਰਥੀਆਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਜਿਹੜੇ ਵਿਦਿਆਰਥੀ ਸਕੂਲਾਂ ਅਤੇ ਕਾਲਜਾਂ ਵਿੱਚ ਮਾਨਸਿਕ ਪੀੜਾਂ ਵਿੱਚੋਂ ਗੁਜ਼ਰਦੇ ਹਨ। ਸੋ, ਇਸ ਕਰਕੇ ਮੈਂ ਸਮਝਦਾ ਹਾਂ ਕਿ ਜੇਕਰ ਇਨ੍ਹਾਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ) ਦੇ ਖਿਲਾਫ ਕੋਈ ਮਰਿਆਦਤ ਮਤਾ ਆ ਸਕਦਾ ਹੈ, ਤਾਂ ਉਹ ਲੈ ਕੇ ਆਉਣਾ ਚਾਹੀਦਾ ਹੈ। ਜੇਕਰ ਇਨ੍ਹਾਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ ਤਾਂ ਉਹ ਕੀਤੀ ਜਾਣੀ ਚਾਹੀਦੀ ਹੈ। ਆਹ ਜਿਹੜੇ ਬਾਜਵਾ ਵਰਗੇ ਲੋਕ (ਸਰਦਾਰ ਪ੍ਰਤਾਪ ਸਿੰਘ ਬਾਜਵਾ) ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਇਨ੍ਹਾਂ ਦਾ ਐਕਸਪੀਰੀਐਂਸ ਹੈ। ਇਹ ਅੰਗਰੇਜ਼ੀ ਦੇ 4 ਸ਼ਬਦ ਬੋਲ ਕੇ ਪੰਜਾਬ ਦੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਂਦੇ ਹਨ। ਸੋ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। (ਵਿਘਨ)(ਸ਼ੋਰ) ਇਹ ਪੰਜਾਬ ਦੇ ਦਲਿਤ ਲੋਕਾਂ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ।

**ਮਾਨਯੋਗ ਸਪੀਕਰ:** ਥੈਂਕ ਯੂ ਜੀ। ਦਹੀਯਾ ਜੀ ਆਪਣੀ ਗੱਲ ਕੰਪਲੀਟ ਕਰੋ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.):** ਧੰਨਵਾਦ, ਸਪੀਕਰ ਸਾਹਿਬ। ਅੱਜ ਬੜੇ ਹੀ ਸੰਵੇਦਨਸ਼ੀਲ ਮੁੱਦੇ ਦੇ ਉੱਤੇ ਸਦਨ ਵਿੱਚ ਮਤਾ ਆਇਆ ਹੈ। ਅੱਜ ਕਾਂਗਰਸ ਪਾਰਟੀ ਨੇ ਐਸ.ਸੀ. ਬੱਚਿਆਂ ਦੇ ਵਜ਼ੀਫੇ ਅਤੇ ਉਨ੍ਹਾਂ ਦੇ ਭਵਿੱਖ ਸਬੰਧੀ ਹੋਣ ਵਾਲੀ ਚਰਚਾ ਦੇ ਵਿੱਚ ਹਿੱਸਾ ਨਾ ਲੈ ਕੇ ਇਨ੍ਹਾਂ ਨੇ ਡਰਾਮੇਬਾਜ਼ੀ ਕੀਤੀ ਹੈ। ਅੱਜ ਸਾਰੇ ਦੇਸ਼ ਵਿੱਚ ਕਾਂਗਰਸ ਦਾ ਦਲਿਤ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਪੰਜਾਬ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ, ਬੀ.ਜੇ.ਪੀ. ਔਰ ਕਾਂਗਰਸ ਦੀਆਂ ਸਰਕਾਰਾਂ ਰਹੀਆਂ ਹਨ। ਇਨ੍ਹਾਂ ਸਰਕਾਰਾਂ ਨੇ ਕਦੇ ਵੀ ਦਲਿਤ ਬੱਚਿਆਂ ਦੇ ਹੱਕ ਦੀ ਕੋਈ ਵੀ ਗੱਲ ਨਹੀਂ ਕੀਤੀ ਹੈ। ਜੇ ਸਰਕਾਰੀ ਸਕੂਲਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਨੇ ਸਕੂਲਾਂ ਦੇ ਢਾਂਚਿਆਂ ਨੂੰ ਡੀ-ਗਰੇਡ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਸਰਕਾਰੀ ਸਕੂਲਾਂ ਦੇ ਵਿੱਚ ਦਲਿਤਾਂ ਦੇ ਬੱਚੇ ਪੜ੍ਹਦੇ ਹਨ। ਇਨ੍ਹਾਂ ਨੇ ਟੀਚਿੰਗ ਸਟਾਫ ਤੋਂ

ਨਾਨ-ਟੀਚਿੰਗ ਕੰਮ ਲਿਆ ਗਿਆ ਹੈ ਤਾਂ ਕਿ ਉਨ੍ਹਾਂ ਦਾ ਧਿਆਨ ਕਿਸੇ ਹੋਰ ਕੰਮ ਵੱਲ ਲੱਗੇ ਔਰ ਬੱਚੇ ਪੜ੍ਹਾਈ ਤੋਂ ਵਾਂਝੇ ਰਹਿ ਜਾਣ। ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਇਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਬੱਚੇ ਪੜ੍ਹ ਲਿਖ ਕੇ ਆਈ.ਏ.ਐਸ, ਆਈ.ਪੀ.ਐਸ., ਇੰਜੀਨੀਅਰ, ਡਾਕਟਰ, ਵਕੀਲ ਬਣਨਾ ਚਾਹੁੰਦੇ ਸਨ, ਇਨ੍ਹਾਂ ਦੀਆਂ ਮਾੜੀਆਂ ਨੀਤੀਆਂ ਅਤੇ ਦਲਿਤ ਵਿਰੋਧੀ ਚਿਹਰਾ ਹੋਣ ਕਰਕੇ ਐਸ.ਸੀ. ਵਰਗ ਦੇ ਬੱਚੇ ਉਨ੍ਹਾਂ ਚੀਜ਼ਾਂ ਤੋਂ ਵਾਂਝੇ ਹੋ ਗਏ। ਪਿਛਲੀਆਂ ਸਰਕਾਰਾਂ ਨੇ ਕਦੇ ਵੀ ਦਲਿਤ ਅਤੇ ਦਲਿਤਾਂ ਦੇ ਬੱਚਿਆਂ ਨੂੰ ਅਫਸਰ ਬਣਨ ਦੇ ਵਿੱਚ ਕਦੇ ਵੀ ਦਿਲਚਸਪੀ ਨਹੀਂ ਦਿਖਾਈ ਔਰ ਨਾ ਹੀ ਇਹ ਚਾਹੁੰਦੇ ਹਨ ਕਿ ਦਲਿਤ ਦਾ ਬੱਚਾ ਅਫਸਰਸ਼ਾਹੀ ਦੇ ਰੂਪ ਵਿੱਚ ਆਉਣ। ਇਨ੍ਹਾਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਦਲਿਤ ਵਰਗ ਔਰ ਦਲਿਤਾਂ ਦੇ ਬੱਚੇ ਹਮੇਸ਼ਾ ਮਜ਼ਦੂਰ ਵਰਗ ਦੇ ਵਿੱਚ ਰਹਿਣ। (ਵਿਘਨ) (ਸ਼ੋਰ) ਅੱਜ ਕਾਂਗਰਸ ਨੇ ਦਲਿਤਾਂ ਦਾ ਵਿਰੋਧ ਕਰਕੇ ਅੱਜ ਦੇ ਦਿਨ ਨੂੰ ਕਾਲਾ ਦਿਨ ਬਣਾ ਦਿੱਤਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਜਦੋਂ ਇਲੈਕਸ਼ਨ ਹੁੰਦੀ ਹੈ ਤਾਂ ਇਹ ਗੱਲ ਕਰਦੇ ਹਨ ਕਿ ਇਹ ਦਲਿਤ ਹਿਤੈਸ਼ੀ ਹਨ। ਮੈਂ ਕਹਿੰਦਾ ਹਾਂ ਕਿ ਜੇ ਐਸ.ਸੀ. ਵਰਗ ਦੇ ਹਿੱਤ ਦੀ ਗੱਲ ਕੀਤੀ ਹੈ ਤਾਂ ਉਹ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੀਤੀ ਹੈ ਔਰ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਮਾਨਯੋਗ ਅਰਵਿੰਦ ਕੇਜਰੀਵਾਲ ਜੀ ਨੇ ਕੀਤੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਪਿਛਲੀਆਂ ਸਰਕਾਰਾਂ ਦੇ ਸਮੇਂ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਬਹੁਤ ਮਾੜੀ ਹਾਲਤ ਹੋ ਗਈ ਹੈ। ਦਲਿਤ ਦਾ ਬੱਚਾ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਦੀ ਕੋਸ਼ਿਸ਼ ਕਰਨਾ ਚਾਹੁੰਦਾ ਹੈ ਲੇਕਿਨ ਉੱਥੇ ਇਨ੍ਹਾਂ ਦੀ ਮਾੜੀ ਕਾਰਗੁਜ਼ਾਰੀ ਕਰਕੇ ਸਕੂਲਾਂ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ। ਇਹ ਕਾਂਗਰਸ ਪਾਰਟੀ ਦੇ ਵੱਡੇ ਲੀਡਰ, ਅੱਜ ਦਲਿਤਾਂ ਦੇ ਹੱਕਾਂ ਦੀ ਹਮਾਇਤ ਕਰਨ ਦੀ ਬਜਾਏ ਉਨ੍ਹਾਂ ਦੇ ਹੱਕਾਂ ਦੇ ਖਿਲਾਫ ਬੋਲ ਰਹੇ ਹਨ। ਇਹ ਸੋਨਾਵਰ ਦੇ ਸਕੂਲਾਂ ਵਿੱਚ ਪੜ੍ਹੇ, ਪ੍ਰਾਈਵੇਟ ਸਕੂਲਾਂ ਦੇ ਪੜ੍ਹੇ ਅੱਜ ਇੱਥੇ ਸ਼ੋਰ ਮਚਾ ਰਹੇ ਹਨ। ਇਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਅੱਜ ਅਸੀਂ ਜਿਸ ਮਹੱਤਵਪੂਰਨ ਮੁੱਦੇ ਦੇ ਉੱਤੇ ਗੱਲ ਕਰਨਾ ਚਾਹੁੰਦੇ ਹਾਂ, ਅਸੀਂ ਜਿਨ੍ਹਾਂ ਦਲਿਤਾਂ ਦੇ ਬੱਚਿਆਂ ਦੇ ਹੱਕ ਦੀ ਗੱਲ ਕਰਨਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ:** ਵਾਈਂਡ ਅੱਪ ਕਰੋ।

5.00/ਪ.ਸ਼/ਮੋ.ਸ਼

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ:** ਅਸੀਂ ਜਿਨ੍ਹਾਂ ਨੂੰ ਖੜ੍ਹੇ ਕਰਨ ਦੀ ਅਤੇ ਵਜ਼ੀਫਿਆਂ ਦੀ ਗੱਲ ਕਰਨੀ ਚਾਹੁੰਦੇ ਹਾਂ, ਅੱਜ ਉਨ੍ਹਾਂ ਦੇ ਨਾਲ ਖੜ੍ਹਾ ਹੋਣ ਦਾ ਸਮਾਂ ਹੈ। ਬੇਸ਼ੱਕ ਡਾ. ਨਛੱਤਰ ਪਾਲ ਜੀ ਆਪੋਜ਼ੀਸ਼ਨ ਦੀ ਭੂਮਿਕਾ ਵਿੱਚ ਹਨ, ਪਰ ਮੈਂ ਡਾ. ਨਛੱਤਰ ਪਾਲ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਅੱਜ ਪਾਰਟੀਬਾਜ਼ੀ ਤੋਂ ਉਪਰ

ਉੱਠ ਕੇ ਸਦਨ ਦੇ ਵਿੱਚ ਦੇਖਿਆ ਕਿ ਬਹੁਤ ਹੀ ਵੱਡੇ ਅਤੇ ਗੰਭੀਰ ਮੁੱਦੇ ਦੇ ਉੱਤੇ ਚਰਚਾ ਹੋ ਰਹੀ ਹੈ ਅਤੇ ਉਸ ਦਾ ਹਿੱਸਾ ਬਣੇ ਤੇ ਦਲਿਤ ਵਰਗ ਦੀ ਗੱਲ ਕੀਤੀ। ਮੈਂ ਇਨ੍ਹਾਂ ਨੂੰ ਦਿਲੋਂ ਸਲੂਟ ਵੀ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਤੁਸੀਂ ਵੀ ਕਾਂਗਰਸ ਪਾਰਟੀ ਦੇ ਦਲਿਤ ਭਾਈਚਾਰੇ ਨਾਲ ਸਬੰਧਿਤ ਐਮ.ਐਲ.ਏ. ਸਾਹਿਬਾਨ ਨੂੰ ਦਲਿਤਾਂ ਦੇ ਮੁੱਦਿਆਂ ਸਬੰਧੀ ਪੁਛਿਆ ਪਰ ਇਨ੍ਹਾਂ ਨੇ ਸਦਨ ਦੀ ਕਾਰਵਾਈ ਨੂੰ ਤਾਰ ਤਾਰ ਕੀਤਾ। ਅੱਜ ਇਨ੍ਹਾਂ ਨੇ ਆਨਰੇਬਲ ਸਪੀਕਰ ਸਾਹਿਬ ਦੀ ਚੇਅਰ ਉੱਤੇ ਜੋ ਇਲਜ਼ਾਮ ਲਗਾਏ ਹਨ, ਜਿਹੜੀ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਇਨ੍ਹਾਂ ਨੂੰ ਅਗਲੇ 06 ਮਹੀਨਿਆਂ ਦੇ ਲਈ ਡੀਬਾਰਡ ਕਰ ਦੇਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਨੂੰ ਆਨਰੇਬਲ ਸਪੀਕਰ ਸਾਹਿਬ ਦੀ ਗਰਿਮਾ ਬਾਰੇ ਪਤਾ ਲੱਗ ਸਕੇ। ਕਿਤੇ ਕਹਿੰਦੇ ਸਨ ਕਿ ਸਾਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ ਜਾਂਦਾ, ਸਦਨ ਨੂੰ ਸਹੀ ਤਰ੍ਹਾਂ ਚਲਾਇਆ ਨਹੀਂ ਜਾਂਦਾ ਪਰ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਦੀ ਅਗਵਾਈ ਹੇਠ ਸਦਨ ਨੂੰ ਚਲਾਉਣਾ ਚਾਹੁੰਦੀ ਹੈ ਅਤੇ ਇਸੇ ਲਈ ਹੀ ਦਲਿਤਾਂ ਨਾਲ ਸਬੰਧਿਤ ਵਜ਼ੀਫੇ, ਖੇਡਾਂ ਵਤਨ ਪੰਜਾਬ ਦੀਆਂ, ਪਰਾਲੀ ਅਤੇ ਵਾਤਾਵਰਣ ਦੇ ਉੱਤੇ ਸਦਨ ਵਿੱਚ ਬਿਲ ਲੈ ਕੇ ਆਏ ਹਨ ਤਾਂ ਕਾਂਗਰਸ ਸਰਕਾਰ ਪੰਜਾਬ ਦੇ ਲੋਕਾਂ ਦੀ ਗੱਲ ਕਰਨ ਦੀ ਬਜਾਏ ਬੇਤੁੱਕੀ ਮੁੱਦਿਆਂ ਦੇ ਉੱਤੇ ਆਪਣਾ ਸਮਾਂ ਬਰਬਾਦ ਕਰ ਰਹੀ ਹੈ। ਅੱਜ ਕਾਂਗਰਸ ਨੇ ਨਾ ਕੇਵਲ ਪੰਜਾਬ ਦੇ ਲੋਕਾਂ ਦੇ ਪੌਣੇ ਤਿੰਨ ਕਰੋੜ ਰੁਪਏ ਦਾ ਘਾਣ ਕੀਤਾ ਹੈ ਪਰ ਸਦਨ ਦੀ ਗਰਿਮਾ ਨੂੰ ਵੀ ਤਾਰ-ਤਾਰ ਕੀਤਾ ਹੈ। ਮੈਂ ਆਨਰੇਬਲ ਚੇਅਰ ਤੋਂ ਇਹ ਗੁਜ਼ਾਰਿਸ਼ ਕਰਾਂਗਾ ਕਿ ਜੋ ਮਤਾ ਸਾਡੇ ਮਾਨਯੋਗ ਐਮ.ਐਲ.ਏ. ਸਾਹਿਬ ਬੀਬੀ ਮਾਣੂਕੇ ਅਤੇ ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ ਲੈ ਕੇ ਆਏ ਹਨ, ਇਸ ਮਤੇ ਨੂੰ ਪਾਸ ਕੀਤਾ ਜਾਵੇ। ਮੈਂ ਮਾਨਯੋਗ ਸੀ.ਐਮ. ਸਾਹਿਬ ਨੂੰ ਵੀ ਅਪੀਲ ਕਰਦਾ ਹਾਂ ਕਿ ਜਿਨ੍ਹਾਂ ਸਿੱਖਿਆ ਅਦਾਰਿਆਂ ਨੇ ਦਲਿਤ ਬੱਚਿਆਂ ਦੇ ਸਰਟੀਫਿਕੇਟ ਰੋਕੇ ਹਨ, ਉਨ੍ਹਾਂ ਦਾ ਲਾਇਸੈਂਸ ਕੈਂਸਲ ਕੀਤਾ ਜਾਵੇ ਔਰ ਨਾਲ ਹੀ ਨਾਲ ਉਨ੍ਹਾਂ ਦੀ ਸੁਸਾਇਟੀ ਵੀ ਭੰਗ ਕੀਤੀ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਦੇ ਵਿੱਚ ਜਿੰਨੇ ਵੀ ਇੰਸਟੀਚਿਊਸ਼ਨਜ਼ ਚਲ ਰਹੇ ਹਨ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਇਹ ਸਰਕਾਰ ਦਲਿਤ ਹਿਤੈਸ਼ੀ ਹੈ ਅਤੇ ਜੇਕਰ ਉਹ ਦਲਿਤਾਂ ਦੇ ਹੱਕਾਂ ਦੇ ਖਿਲਾਫ ਜਾਂਦੇ ਹਨ ਤਾਂ ਉਨ੍ਹਾਂ ਦੇ ਸਕੂਲ ਜਾਂ ਕਾਲਜ ਭਾਵੇਂ ਉਹ ਕਿਸੇ ਵੀ ਸਿਆਸੀ ਲੀਡਰ/ਵੱਡੀ ਤੋਂ ਵੱਡੀ ਹਸਤੀ ਦੇ ਹੋਣ, ਲਾਇਸੈਂਸ ਕੈਂਸਲ ਕਰ ਦਿੱਤੇ ਜਾਣਗੇ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਵੀ ਅਪੀਲ ਕਰਦਾ ਹਾਂ ਕਿ ਇਸ ਚੀਜ਼ ਨੂੰ ਜ਼ਾਤੀ ਤੌਰ ਤੇ ਆਪਣੀ ਨਿਗਰਾਨੀ ਹੇਠ ਲਿਆ ਕੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

**ਮਾਨਯੋਗ ਸਪੀਕਰ**: ਹਾਂ ਜੀ, ਸਰਦਾਰ ਕੁਲਵੰਤ ਸਿੰਘ ਬਾਜ਼ੀਗਰ ਜੀ।

**ਸਰਦਾਰ ਕੁਲਵੰਤ ਸਿੰਘ ਬਾਜ਼ੀਗਰ (ਸ਼ੁਤਰਾਣਾ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਅੱਜ ਤੁਸੀਂ ਮੈਨੂੰ ਬਹੁਤ ਹੀ ਅਹਿਮ ਮੁੱਦੇ ਦੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ,

ਅੱਜ ਮੈਨੂੰ ਇੱਕ ਗੱਲ ਦੀ ਬਹੁਤ ਖੁਸ਼ੀ ਹੋਈ ਕਿ ਜਿਨ੍ਹਾਂ ਲੋਕਾਂ ਨੇ ਅਤੇ ਇਹ ਜਿਹੜੇ 18 ਖੜ੍ਹੇ ਹਨ, ਜਿਨ੍ਹਾਂ ਨੇ 75 ਸਾਲ ਲੋਕਾਂ ਦੀਆਂ ਚੀਕਾਂ ਕਢਾਈਆਂ, ਅੱਜ ਸਾਰਾ ਪੰਜਾਬ ਦੇਖ ਰਿਹਾ ਹੈ, ਇਹ ਤਾੜੀਆਂ ਮਾਰ ਰਹੇ ਹਨ, ਇਹ ਦਲਿਤ ਵਿਰੋਧੀ ਲੋਕ ਹਨ। ਇਨ੍ਹਾਂ ਨੂੰ ਕਿਸੇ ਨਾਲ ਕੋਈ ਮਤਲਬ ਨਹੀਂ। ਇਨ੍ਹਾਂ ਨੂੰ ਸਿਰਫ ਆਪਣੀ ਕੁਰਸੀ ਨਾਲ ਮਤਲਬ ਹੈ। ਸਪੀਕਰ ਸਾਹਿਬ, ਮੈਂ ਉਹ ਹਾਲਾਤ ਵੀ ਦੇਖੇ ਹਨ, ਕਈ ਐਸ.ਸੀ. ਪਰਿਵਾਰਾਂ ਦੀਆਂ ਬੱਚੀਆਂ ਨੇ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਦਾਖਲੇ ਲਏ ਪਰ ਇਨ੍ਹਾਂ ਲੋਕਾਂ ਨੂੰ ਥੋੜ੍ਹੀ ਜਿਹੀ ਵੀ ਸ਼ਰਮ ਨਹੀਂ ਆਈ। ਐਸ.ਸੀ. ਭਾਈਚਾਰੇ ਉੱਤੇ ਅੱਜ ਗੱਲ ਚੱਲ ਰਹੀ ਹੈ, ਪਰ ਇਨ੍ਹਾਂ ਲੋਕਾਂ ਨੂੰ ਮਤਲਬ ਸਿਰਫ ਆਪਣੀ ਸਤਾ ਹਾਸਲ ਕਰਨ ਤਕ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਲੋਕ ਐਸ.ਸੀ. ਭਾਈਚਾਰੇ ਦੇ ਖਿਲਾਫ ਹਨ, ਜਿਨ੍ਹਾਂ ਨੇ ਸਦਨ ਦਾ ਮਜ਼ਾਕ ਬਣਾਇਆ, ਇਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇ।

**5.05/ਜਸਪਾਲ/ਮੋਨਿਕਾ/29.9.22**

ਅੱਜ ਇਨ੍ਹਾਂ ਨੇ ਸਾਰਾ ਦਿਨ ਵਿਧਾਨ ਸਭਾ ਦਾ ਮਜ਼ਾਕ ਬਣਾ ਕੇ ਰੱਖਿਆ ਹੈ। ਮੇਰੀ ਰਿਕੁਐਸਟ ਹੈ ਕਿ ਇਹ ਲੋਕ ਪੰਜਾਬ ਦਾ ਭਲਾ ਨਹੀਂ ਚਾਹੁੰਦੇ, ਇਹ ਲੋਕ ਪੰਜਾਬ ਦਾ ਭਲਾ ਕਦੇ ਵੀ ਨਹੀਂ ਚਾਹੁੰਦੇ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇ। ਬਹੁਤ ਬਹੁਤ ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਹਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ, ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਥੈਂਕ ਯੂ ਜੀ। ਹਾਂ ਜੀ, ਸ਼੍ਰੀ ਸੀਤਲ ਅੰਗੁਰਾਲ ਜੀ।

**ਸ਼੍ਰੀ ਸ਼ੀਤਲ ਅੰਗੁਰਾਲ (ਜਲੰਧਰ ਪੱਛਮੀ, ਐਸ.ਸੀ. ):**ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਅੱਜ ਪੂਰਾ ਉਨ੍ਹਾਂ ਲੋਕਾਂ ਨੂੰ ਦੇਖ ਰਿਹਾ ਹੈ ਜਿਨ੍ਹਾਂ ਲੋਕਾਂ ਨੇ ਬੜੀ ਵੱਡੀਆਂ ਵੱਡੀਆਂ ਕੁਰਸੀਆਂ ਉਤੇ ਬੈਠ ਕੇ ਦਲਿਤਾਂ ਦੀਆਂ ਵੋਟਾਂ ਲੈ ਕੇ ਰਾਜ ਕੀਤਾ। ਮੈਂ, ਸਪੀਕਰ ਸਾਹਿਬ,

**ਮਾਨਯੋਗ ਸਪੀਕਰ:** ਪੰਡੋਰੀ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ। ਪੰਡੋਰੀ ਸਾਹਿਬ, ਪਹਿਲਾਂ ਤੁਸੀਂ ਆਪਣੀ ਸੀਟ ਤੇ ਜਾਉ।

(ਇਸ ਸਮੇਂ ਸਰਦਾਰ ਕੁਲਵੰਤ ਸਿੰਘ ਪੰਡੋਰੀ, ਮੈਂਬਰ ਆਮ ਆਦਮੀ ਪਾਰਟੀ ਆਪਣੀ ਸੀਟ ਤੇ ਚਲੇ ਗਏ।)

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਦੇਖੋ ਬੱਚਿਆਂ ਦਾ ਮਸਲਾ ਹੈ, ਸਕਾਲਰਸ਼ਿਪ ਦਾ ਮਸਲਾ ਹੈ, ਗਰੀਬ ਬੱਚਿਆਂ ਦੇ ਭਵਿੱਖ ਦਾ ਮਸਲਾ ਹੈ। ਸਪੀਕਰ ਸਾਹਿਬ, ਤੁਸੀਂ ਸੈਸ਼ਨ ਨੂੰ ਲੰਬਾ ਕਰ ਦਿਉ, ਇਨ੍ਹਾਂ ਨੇ ਆਪੇ ਹੀ ਚਲੇ ਜਾਣਾ ਹੈ। ਥੋੜ੍ਹਾ ਟਾਈਮ ਹੋਰ ਲਗਾਉਣਗੇ, ਫਿਰ ਆਪੇ ਹੀ ਚਲੇ ਜਾਣਗੇ। ਸੈਸ਼ਨ ਭਾਵੇਂ ਹੋਰ ਲੰਮਾ ਕਰ ਦਿਉ ਪਰ ਆਪਾਂ ਪੰਜਾਬ ਦੇ ਲੋਕਾਂ ਦੀ ਗੱਲ ਕਰਨੀ ਹੈ।

**ਮਾਨਯੋਗ ਸਪੀਕਰ :** ਠੀਕ ਹੈ। ਸ਼੍ਰੀ ਅੰਗੁਰਾਲ ਜੀ।

**ਸ਼੍ਰੀ ਸ਼ੀਤਲ ਅੰਗੁਰਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਜਿੰਨੇ ਵੀ ਇਥੇ ਮੀਡੀਆ ਦੇ ਲੋਕ ਬੈਠੇ ਹਨ, ਮੈਂ ਉਨ੍ਹਾਂ ਅੱਗੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੂਰੇ ਦੇਸ਼ ਦੇ ਵਿੱਚ ਅੱਜ ਇਨ੍ਹਾਂ ਲੋਕਾਂ ਦਾ ਚਿਹਰਾ ਦੱਸੋ, ਜਿਹੜੇ ਲੋਕ ਦਲਿਤ ਵਿਰੋਧੀ ਹਨ, ਜਿਹੜੇ ਲੋਕਾਂ ਨੇ 75 ਸਾਲ ਰਾਜ ਕੀਤਾ, ਸਾਡੇ ਬੱਚਿਆਂ ਦੇ ਪੈਸੇ ਖਾਧੇ, ਕਿਉਂਕਿ ਅਸੀਂ ਲੋਕਾਂ ਨੇ ਬੜੀ ਮਿਹਨਤ ਕਰਕੇ, ਗਰੀਬ ਪਰਿਵਾਰਾਂ ਵਿਚੋਂ ਨਿਕਲੇ ਹਨ। ਅਸੀਂ ਲੋਕ ਆਪਣੇ ਬੱਚਿਆਂ ਨੂੰ ਸਕੂਲ ਨਹੀਂ ਪੜ੍ਹਾ ਸਕਦੇ ਸੀ, ਡਾਕਟਰ ਬਾਬਾ ਸਾਹਿਬ ਅੰਬੇਦਕਰ ਜੀ ਦੇ ਸੰਵਿਧਾਨ ਦੇ ਨੇਤਰਤਵ ਵਿਚ ਬੱਚੇ ਪੜ੍ਹਨ ਲੱਗੇ, ਇਨ੍ਹਾਂ ਲੋਕਾਂ ਨੇ ਬੱਚਿਆਂ ਦੇ ਪੈਸੇ ਖਾਧੇ, ਇਨ੍ਹਾਂ ਲੋਕਾਂ ਨੇ 2017 ਤੋਂ ਲੈ ਕੇ 2022 ਤੱਕ ਕਾਂਗਰਸ ਦੀ ਸਰਕਾਰ ਰਹੀ, ਇਹ ਇੰਨੇ ਬੇਸ਼ਰਮ ਹਨ ਕਿ ਜਦੋਂ ਸੈਂਟਰ ਗੌਰਮਿੰਟ ਤੋਂ ਪੈਸੇ ਆਉਂਦੇ ਹਨ..

> (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਹਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ, ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸ਼੍ਰੀ ਸ਼ੀਤਲ ਅੰਗੁਰਾਲ:** ਜਦੋਂ ਸੈਂਟਰ ਗੌਰਮਿੰਟ ਤੋਂ ਦਲਿਤਾਂ ਦੇ ਪੈਸੇ ਆਉਂਦੇ ਹਨ, 165 ਕਰੋੜ ਰੁਪਿਆ ਇਹ ਉਹ ਵੀ ਖਾ ਗਏ, ਇਨ੍ਹਾਂ ਨੇ ਉਹ ਪੈਸਾ ਕਿਸੇ ਹੋਰ ਕੰਮ ਉਤੇ ਲਗਾ ਦਿੱਤਾ, ਜਿਹੜੇ ਸੈਂਟਰ ਗੌਰਮਿੰਟ ਤੋਂ ਪੈਸੇ ਮਿਲਦੇ ਹਨ। ਇਹ ਲੋਕ ਅੱਜ ਕਿਸ ਮੂੰਹ ਨਾਲ ਖੜ੍ਹੇ ਹਨ? ਮੈਨੂੰ ਤਾਂ ਬੜੀ ਹੈਰਾਨੀ ਹੋ ਰਹੀ ਹੈ ਕਿ ਸਾਡੇ ਦਲਿਤ ਭਰਾ, ਦਲਿਤ ਐਮ.ਐਲ.ਏ.ਵਿਚ ਖੜ੍ਹੇ ਹਨ ਉਹ ਅੱਜ ਕਿਸੇ ਵੀ ਮੁੱਦੇ ਉਤੇ ਗੱਲ ਨਹੀਂ ਕਰਨਾ ਚਾਹੁੰਦੇ । ਅੱਜ ਪੂਰਾ ਦੇਸ਼ ਦੇਖ ਰਿਹਾ ਹੈ, ਪੂਰਾ ਵਰਲਡ ਦੇਖ ਰਿਹਾ ਹੈ। ਮੈਂ ਮੀਡੀਆ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਲੋਕਾਂ ਦੇ ਚਿਹਰਿਆਂ ਨੂੰ ਦਿਖਾਇਆ ਜਾਵੇ...

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀ ਸ਼ੀਤਲ ਅੰਗੁਰਾਲ:** ਸਪੀਕਰ ਸਾਹਿਬ, ਜਿਹੜਾ ਮਤਾ ਮੇਰੀ ਭੈਣ ਮਾਣੂੰਕੇ ਜੀ ਲੈ ਕੇ ਆਏ ਹਨ, ਅਸੀਂ ਇਸ ਮਤੇ ਦੇ ਨਾਲ ਹਾਂ ਕਿਉਂਕਿ ਦਲਿਤਾਂ ਦੇ ਬੱਚਿਆਂ ਨਾਲ ਜੁੜਿਆ ਮਤਾ ਹੈ, ਪੰਜਾਬ ਦਾ ਚਾਰ ਲੱਖ ਬੱਚਾ ਬੇਘਰ ਹੋ ਕੇ ਘਰ ਬੈਠਾ ਹੈ, ਚਾਰ ਲੱਖ ਬੱਚੇ ਨੂੰ ਸਕਾਲਰਸ਼ਿਪ ਕਰਕੇ ਡਿਗਰੀਆਂ ਨਹੀਂ ਲੈ ਸਕੇ, ਉਹ ਬੱਚੇ ਆਪਣੀ ਪੜ੍ਹਾਈ ਅੱਗੇ ਨਹੀਂ ਕਰ ਸਕੇ। ਇਨ੍ਹਾਂ ਲੋਕਾਂ ਨੇ ਕੁਰਸੀਆਂ ਉਤੇ ਬਹਿ ਕੇ ਉਨ੍ਹਾਂ ਬੱਚਿਆਂ ਦੇ ਪੈਸੇ ਕਿਸੇ ਹੋਰ ਕੰਮ ਵਿਚ ਲਗਾਏ। ਅੱਜ ਮਨ ਬੜਾ ਖੁਸ਼ ਹੋਇਆ ਕਿ ਜਿਸ ਦਿਨ ਵਿਰੋਧੀ ਧਿਰ ਦੇ ਐਮ.ਐਲ.ਏ.ਨੇ ਦਲਿਤ ਬੱਚਿਆਂ ਦੇ ਹੱਕ ਵਿੱਚ ਜੋ ਸਰਕਾਰ ਦਾ ਮਤਾ ਆਇਆ ਹੈ, ਉਸ ਵਿੱਚ ਉਨ੍ਹਾਂ ਨੇ ਸਾਡਾ ਸਾਥ ਦਿੱਤਾ ਹੈ। ਮੈਂ ਅੱਜ ਦਲਿਤ ਭਾਈਚਾਰੇ ਵੱਲੋਂ..

**ਮਾਨਯੋਗ ਸਪੀਕਰ:** ਵਾਈਂਡ ਅੱਪ ਕਰੋ।

**ਸ਼੍ਰੀ ਸ਼ੀਤਲ ਅੰਗੁਰਾਲ :** ਡਾਕਟਰ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਯਾਦ ਕਰਕੇ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਸਾਡੇ ਵਰਗੇ ਬੱਚਿਆਂ ਨੂੰ ਤੁਸੀਂ ਐਮ.ਐਲ.ਏ. ਦੀਆਂ ਕੁਰਸੀਆਂ ਉਤੇ ਬਿਠਾਇਆ ਹੈ, ਇਨ੍ਹਾਂ ਲੋਕਾਂ ਦਾ ਜਿਹੜਾ ਚਿਹਰਾ ਹੈ, ਉਹ ਅੱਜ ਬੇਨਕਾਬ ਹੋਇਆ ਹੈ, ਇਹ ਲੋਕ ਅੱਜ 18 ਰਹਿ ਗਏ ਹਨ, ਆਉਣ ਵਾਲੇ ਦਿਨਾਂ ਵਿਚ ਇਹ 18 ਵੀ ਨਹੀਂ ਰਹਿਣਗੇ, ਇਹ ਜ਼ੀਰੋ ਉਤੇ ਆਉਣਗੇ ਜਿਹੜੇ ਲੋਕਾਂ ਨੇ ਪੰਜਾਬ ਦੇ ਦਲਿਤਾਂ ਦਾ ਪੈਸਾ ਖਾਧਾ ਹੈ। ਬਹੁਤ ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਨਯੋਗ ਸਪੀਕਰ ਸਾਹਿਬ, ਅੱਜ ਜਿਹੜਾ ਮਤਾ ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ., ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.ਸਾਹਿਬ ਨੇ ਪੇਸ਼ ਕੀਤਾ ਹੈ ਕਿ ਪੰਜਾਬ ਦੇ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਵਜ਼ੀਫਾ ਸਮੇਂ ਸਿਰ ਨਾ ਮਿਲਣ ਦੇ ਕਾਰਨ ਉਨ੍ਹਾਂ ਦਾ ਵਜੀਫਾ ਪੁਰਾਣੀਆਂ ਸਰਕਾਰਾਂ ਵੱਲੋਂ ਜਾਰੀ ਨਾ ਹੋਣ ਕਾਰਨ ਬਹੁਤ ਸਾਰੀਆਂ ਵਿੱਦਿਅਕ ਸੰਸਥਾਵਾਂ ਨੇ ਉਨ੍ਹਾਂ ਬੱਚਿਆਂ ਦੇ ਸਰਟੀਫਿਕੇਟ ਵਿਦ-ਹੋਲਡ ਕਰ ਲਏ, ਸਰਟੀਫਿਕੇਟ ਜਾਰੀ ਨਹੀਂ ਕੀਤੇ..

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਹਨ ਅਤੇ ਕਈ ਮੈਂਬਰ ਤਾੜੀਆਂ ਵਜਾ ਰਹੇ ਸਨ। ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ, ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਵਿੱਤ ਮੰਤਰੀ:** ਇਹ ਬਹੁਤ ਹੀ ਅਹਿਮ ਮੁੱਦਾ ਪੰਜਾਬ ਦੇ ਲੱਖਾਂ ਹੀ ਦਲਿਤ ਬੱਚਿਆਂ ਦੇ ਨਾਲ, ਗਰੀਬ ਬੱਚਿਆਂ ਦੇ ਨਾਲ ਜੁੜਿਆ ਹੋਇਆ ਹੈ। ਸਪੀਕਰ ਸਾਹਿਬ, ਇਸ ਅਸੈਂਬਲੀ ਦੇ ਬਹੁਤ ਸਾਰੇ ਐਮ.ਐਲ.ਏ.ਸਾਹਿਬ, ਬਹੁਤ ਸਾਰੇ ਮੈਂਬਰ ਸਾਹਿਬਾਨ ਇਸ ਗੱਲ ਦੀ ਪੀੜ੍ਹਾ ਨੂੰ ਭਲੀ-ਭਾਂਤ ਜਾਣਦੇ ਹਨ ਕਿ ਉਹ ਕਿਵੇਂ ਪੜ੍ਹਾਈ ਕਰਕੇ, ਕਿਵੇਂ ਲੇਬਰ ਕਰਕੇ, ਕਿਵੇਂ ਦਿਹਾੜੀਆਂ ਕਰਕੇ, ਕਿਵੇਂ ਉਨ੍ਹਾਂ ਨੇ ਵਿੱਦਿਆ ਪ੍ਰਾਪਤ ਕੀਤੀ ਹੈ, ਇਹ ਬਹੁਤ ਸਾਰੇ ਸਾਡੇ ਸਤਿਕਾਰਯੋਗ ਸੱਜਣ ਜਾਣਦੇ ਹਨ ਪਰ ਲੇਕਿਨ ਆਹ ਜਿਹੜੇ ਮੇਰੇ ਸਾਹਮਣੇ ਖੜ੍ਹੇ ਹਨ

ਬ.ਕ./ਸ਼.ਜ/29.9.22/5.10

ਅਤੇ ਵਿਧਾਨ ਸਭਾ ਦੀ ਮਰਿਆਦਾ ਨੂੰ ਤੋੜ ਰਹੇ ਹਨ, ਇਨ੍ਹਾਂ ਵਿਚੋਂ ਬਹੁਤ ਸਾਰੇ ਸਨਾਵਰ ਦੇ ਪੜ੍ਹੇ ਹੋਏ ਹਨ, ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਦੇ ਪੜ੍ਹੇ ਹੋਏ ਹਨ ਕਿਉਂਕਿ ਇਨ੍ਹਾਂ ਦੇ ਮਾਂ-ਬਾਪ ਕੋਲ ਬੇਤਹਾਸ਼ਾ ਧਨ-ਦੌਲਤ ਹੈ। ਕਰੋੜਾਂ-ਅਰਬਾਂ ਰੁਪਏ ਹਨ। ਇਹ ਅਜਿਹੇ ਸਕੂਲਾਂ ਵਿਚੋਂ ਪੜ੍ਹ ਕੇ ਆਏ ਹਨ ਜਿਨ੍ਹਾਂ ਦੀਆਂ ਫੀਸਾਂ 2-4 ਜਾਂ 5 ਲੱਖ ਤੱਕ ਦੀਆਂ ਹਨ ਲੇਕਿਨ ਸਾਡੇ ਵਾਲੇ ਪਾਸੇ ਬਹੁਤ ਸਾਰੇ ਐਮ.ਐਲ.ਏ ਸਰਕਾਰੀ ਸਕੂਲਾਂ ਵਿਚੋਂ ਪੜ੍ਹ ਕੇ ਆਏ ਹਨ। ਉਨ੍ਹਾਂ ਦੇ ਮਾਂ-ਬਾਪ ਨੇ ਦਿਹਾੜੀਆਂ ਕਰਕੇ, ਮਿਹਨਤ-ਮੁਸ਼ੱਕਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਹੈ। 2010 ਤੋਂ ਕੇਂਦਰ ਸਰਕਾਰ ਦੀਆਂ ਗਾਈਡਲਾਈਨਜ਼ ਦੇ ਤਹਿਤ ਸ਼ਡਿਊਲਡ ਕਾਸਟ ਦੇ ਵਿਦਿਆਰਥੀਆਂ ਲਈ ਮੈਟ੍ਰਿਕ ਸਕਾਲਰਸ਼ਿਪ ਚਲਾਈ ਹੋਈ ਸੀ ਪਰ ਪੰਜਾਬ ਸਰਕਾਰ ਨੇ ਇਸ ਵਾਸਤੇ ਫੰਡ ਸਿਰਫ 2017 ਤੱਕ ਹੀ ਜਾਰੀ ਕੀਤੇ ਸਨ। ਜਿਹੜਾ ਪੰਜਾਬ ਸਰਕਾਰ ਨੇ ਯੋਗਦਾਨ ਪਾਉਣਾ ਸੀ, ਉਹ ਸਿਰਫ ਤੇ ਸਿਰਫ 2017 ਤੱਕ ਹੀ ਪਾਇਆ ਅਤੇ ਉਸ ਤੋਂ ਬਾਅਦ ਬੰਦ ਕਰ ਦਿੱਤਾ। ਉਸ ਤੋਂ ਬਾਅਦ ਕਾਂਗਰਸ ਪਾਰਟੀ ਪੁਰਾਣੀ ਸਰਕਾਰ ਦੇ ਘਪਲਿਆਂ ਦੇ ਪਰਦਾ ਪਾਉਂਦੀ ਰਹੀ। ਉਦੋਂ ਪੰਜਾਬ ਵਿੱਚ ਪੁਰਾਣੀ ਸਰਕਾਰ ਬੀ.ਜੇ.ਪੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀ। ਜਿਸ ਵਕਤ ਪੰਜਾਬ ਦੇ ਵਿਦਿਆਰਥੀਆਂ ਦੇ ਵਜ਼ੀਫਿਆਂ ਦੇ ਕਰੋੜਾਂ ਰੁਪਏ ਦੇ ਵੱਡੇ ਵੱਡੇ ਘਪਲੇ ਹੋਏ। ਉਸ ਸਮੇਂ ਕਾਂਗਰਸ ਪਾਰਟੀ ਦੇ ਪ੍ਰਧਾਨ ਕੈਪਟਨ ਸਾਹਿਬ, ਜਿਹੜੇ ਕਿ ਅੱਜ ਕਲ੍ਹ ਬੀ.ਜੇ.ਪੀ ਦੀ ਗੱਡੀ ਵਿੱਚ ਬੈਠੇ ਹਨ, ਉਨ੍ਹਾਂ ਨੇ ਉਸ ਵਕਤ ਵਾਅਦਾ ਕੀਤਾ ਸੀ ਕਿ ਮੈਂ ਪੰਜਾਬ ਦੇ ਦਲਿਤਾਂ ਨੂੰ ਇਨਸਾਫ ਕਰਕੇ ਦੇਵਾਂਗਾ। ਪੰਜਾਬ ਦੇ ਗਰੀਬ ਲੋਕਾਂ ਨਾਲ ਇਨਸਾਫ ਕਰਾਂਗਾ। ਜਿਨ੍ਹਾਂ ਲੋਕਾਂ ਨੇ ਪੰਜਾਬ ਦੇ ਦਲਿਤਾਂ ਦਾ ਵਜ਼ੀਫਾ ਖਾਧਾ ਹੈ, ਮੈਂ ਉਨ੍ਹਾਂ ਸਾਰੇ ਲੋਕਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਡੱਕਾਂਗਾ ਲੇਕਿਨ ਅਫਸੋਸ ਪੰਜ ਸਾਲ ਕੈਪਟਨ ਸਾਹਿਬ ਚੁੱਪ ਰਹੇ। ਉਨ੍ਹਾਂ ਦੇ ਖਾਸਮ-ਖਾਸ ਸਰਦਾਰ ਸਾਧੂ ਸਿੰਘ ਧਰਮਸੋਤ, ਜਿਹੜੇ ਕਿ ਹੁਣੇ ਹਣੇ ਜੇਲ੍ਹ ਵਿਚੋਂ ਬਾਹਰ ਆਏ ਹਨ, ਜਿਨ੍ਹਾਂ ਨੂੰ ਇਹ ਸਾਰੇ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਜੇਲ੍ਹ ਵਿੱਚ ਮਿਲ ਕੇ ਆਏ ਹਨ, ਉਨ੍ਹਾਂ ਨੇ ਲਗਭਗ 64 ਕਰੋੜ ਰੁਪਏ ਦਾ ਵੱਡਾ ਘਪਲਾ ਸ਼ਡਿਊਲਡ ਕਾਸਟਸ, ਸ਼ਡਿਊਲਡ

ਟ੍ਰਾਈਬਸ ਦੇ ਵਜ਼ੀਫੇ ਵਿੱਚ ਕੀਤਾ। ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਜਦੋਂ ਬਤੌਰ ਪੰਜਾਬ ਦੇ ਮੁੱਖ ਮੰਤਰੀ ਸਹੁੰ ਚੁੱਕੀ ਤਾਂ ਸਭ ਤੋਂ ਪਹਿਲਾਂ 11 ਜੁਲਾਈ, 2022 ਨੂੰ 2017-18, 2018-19 ਅਤੇ 2019-2020 ਦਾ ਆਡਿਟ ਕਰਵਾਉਣ ਦਾ ਹੁਕਮ ਜਾਰੀ ਕੀਤਾ। ਮਾਨਯੋਗ ਸਪੀਕਰ ਸਾਹਿਬ, ਇਸ ਦੀ ਜਾਂਚ ਹੋ ਰਹੀ ਹੈ ਕਿ ਜਿਨ੍ਹਾਂ ਲੋਕਾਂ ਨੇ ਗਰੀਬ ਵਿਦਿਆਰਥੀਆਂ ਦਾ ਪੈਸਾ ਖਾਧਾ ਹੈ, ਗਰੀਬ ਵਿਦਿਆਰਥੀਆਂ ਦਾ ਸਕਾਲਰਸ਼ਿਪ ਖਾਧਾ ਹੈ, ਉਨ੍ਹਾਂ ਖਿਲਾਫ ਜਾਂਚ ਚੱਲ ਰਹੀ ਹੈ। ਮੈਂ ਇਸ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਸਰਕਾਰ ਨੇ 184 ਕਰੋੜ ਰੁਪਿਆ ਸ਼ਡਿਊਲਡ ਕਾਸਟਸ ਦੇ ਵਜ਼ੀਫੇ ਦੀ ਰਕਮ ਜਾਰੀ ਕਰਕੇ ਇਸ ਸਕੀਮ ਨੂੰ ਚਲਾਇਆ ਹੈ। ਪੰਜਾਬ ਵਿੱਚ ਸਰਕਾਰ ਨੇ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਫੈਸਲਾ ਕੀਤਾ ਹੈ ਕਿ ਕਿਸੇ ਵੀ ਵਿਦਿਆਰਥੀ ਦੀ ਡਿਗਰੀ ਸਕਾਲਰਸ਼ਿਪ ਕਾਰਨ ਰੋਕੀ ਨਹੀਂ ਜਾਵੇਗੀ। ਮੁੱਖ ਮੰਤਰੀ ਸਾਹਿਬ ਨੇ 11.8.2022 ਨੂੰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਮਨਿਸਟਰ ਸਾਹਿਬ ਦੀ ਅਗਵਾਈ ਵਿੱਚ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ ਕਿ ਜਿਹੜੀਆਂ ਇੰਸਟੀਚਿਊਸ਼ਨਜ਼ ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਕਾਰਨ ਡਿਗਰੀਆਂ ਰੋਕਣਗੀਆਂ....

ਕਕ / ਸੁਭਮ 29.9.2022 5.15

ਉਨ੍ਹਾਂ ਦੇ ਖਿਲਾਫ ਸਰਕਾਰ ਸਖਤ ਕਾਰਵਾਈ ਕਰੇਗੀ। ਸੋ, ਇਸ ਤੋਂ ਬਿਨਾਂ ਮਾਨਯੋਗ ਹਾਈ ਕੋਰਟ ਨੇ 7ਵੀਂ ਰਿੱਟ ਪਟੀਸ਼ਨ ਨੰ: 10671/2022, ਮਿਤੀ 8.8.2022 ਨੂੰ ਫੈਸਲਾ ਕੀਤਾ ਹੈ ਕਿ ਕਿਸੇ ਵੀ ਵਿਦਿਆਰਥੀ ਦੀ ਡਿਗਰੀ ਇਸ ਗੱਲ ਕਰਕੇ ਨਹੀਂ ਰੋਕੀ ਜਾ ਸਕਦੀ ਕਿ ਉਸ ਦਾ ਵਜ਼ੀਫਾ ਅਦਾ ਨਹੀਂ ਕੀਤਾ ਗਿਆ। ਕਿਉਂਕਿ ਅੱਜ ਸਾਡੇ ਮਨਿਸਟਰ ਡਾ. ਬਲਜੀਤ ਕੌਰ ਜੀ ਆਏ ਨਹੀਂ ਹਨ, ਮੈਂ ਉਨ੍ਹਾਂ ਦੇ ਬਿਹਾਫ ਤੇ ਇਸ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਕਿਸੇ ਵੀ ਬੱਚੇ ਦੀ ਜੇਕਰ ਇੰਸਟੀਚਿਊਸ਼ਨ ਨੂੰ ਸਕਾਲਰਸ਼ਿਪ ਨਹੀਂ ਗਈ ਤਾਂ ਉਸ ਦੀ ਡਿਗਰੀ ਨਹੀਂ ਰੋਕੀ ਜਾ ਸਕਦੀ। ਜੇਕਰ ਕਿਸੇ ਵੀ ਵਿਦਿਆਰਥੀ ਦੀ ਡਿਗਰੀ ਰੋਕੀ ਗਈ ਹੈ ਤਾਂ ਉਹ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਿਬਾਨ ਨੂੰ ਆਪਣੀ ਐਪਲੀਕੇਸ਼ਨ ਦੇ ਸਕਦਾ ਹੈ। ਉਸ ਨੂੰ ਡਿਗਰੀ 100% ਜਾਰੀ ਹੋਵੇਗੀ।

ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ਅਤੇ ਅਗਲੇ ਮਤੇ ਤੇ ਬਹਿਸ ਸ਼ੁਰੂ ਕੀਤੀ ਜਾਵੇ। ਧੰਨਵਾਦ ਜੀ। (ਥੰਪਿੰਗ)

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ, ਗੁਜ਼ਾਰਿਸ਼ ਹੈ ਕਿ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਐਸ.ਸੀ. ਬੱਚਿਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਜਿਹੜੀ ਉਚਿਤ ਵਿਵਸਥਾ ਸਰਕਾਰ ਨੇ ਕਰਨੀ ਹੈ, ਉਸ ਵਿੱਚ ਇਨ੍ਹਾਂ ਨੇ 'ਹਾਂ' ਨਹੀਂ ਕੀਤੀ। ਇਸ ਕਰਕੇ ਦਲਿਤ ਵਿਰੋਧੀ ਕਾਂਗਰਸ ਪਾਰਟੀ ਦਾ ਇਸ ਗੱਲ ਤੋਂ ਚਿਹਰਾ ਨੰਗਾ ਹੁੰਦਾ ਹੈ। ਸ਼੍ਰੋਮਣੀ ਅਕਾਲੀ ਦਲ ਵੀ ਐਸ.ਸੀ. ਮੁੱਦਿਆਂ ਤੋਂ ਭੱਜਿਆ ਹੈ। ਇੱਥੇ ਲਿਖਿਆ ਜਾਵੇ, ਮਤਾ ਪਾਸ ਕੀਤਾ ਜਾਵੇ ਕਿ ਕਾਂਗਰਸ ਸਰਕਾਰ ਦਲਿਤ ਵਿਰੋਧੀ ਪਾਰਟੀ ਹੈ। ਜਾਂ ਇਨ੍ਹਾਂ ਤੋਂ ਪੁੱਛਿਆ ਜਾਵੇ ਕਿ ਕੀ ਇਹ ਇਸ ਮਤੇ ਦੇ ਹੱਕ ਵਿੱਚ ਹਨ ਜਾਂ ਨਹੀਂ?

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਆਪਾਂ ਤਿੰਨ ਦਿਨ ਸਦਨ ਦੀਆਂ ਬੈਠਕਾਂ ਨੂੰ ਐਕਸਟੈਂਡ ਕੀਤਾ ਹੈ। ਪੰਜਾਬ ਦੇ ਲੋਕਾਂ ਦਾ ਪੈਸਾ ਲਗਦਾ ਹੈ। ਇਸ ਡਿਸਕਸ਼ਨ ਦੇ ਵਿੱਚੋਂ ਕੁਝ ਨਿਕਲਣਾ ਚਾਹੀਦਾ ਹੈ। ਸੋ, ਤੁਸੀਂ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਕਿਉਂ ਤੋੜ ਰਹੇ ਹੋ? ਇਹ ਵਿਸ਼ਵਾਸ ਤੋੜਨ ਵਾਲੀ ਗੱਲ ਹੈ। ਤੁਸੀਂ ਡਿਸਕਸ਼ਨ ਕਰੋ। ਇਸ ਮਤੇ ਤੇ ਕਾਫ਼ੀ ਬਹਿਸ ਹੋ ਗਈ ਹੈ। ਹੋਰ ਵੀ ਮਤਿਆਂ ਤੇ ਡਿਸਕਸ਼ਨ ਅਜੇ ਹੋਣੀ ਹੈ। ਸੋ, ਮੈਂ ਹੁਣ ਇਹ ਮਤਾ ਸਦਨ ਦੀ ਵੋਟਿੰਗ ਲਈ ਰੱਖਦਾ ਹਾਂ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

"ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹਾਂ ਕਿ ਐਸ.ਸੀ. ਬੱਚਿਆਂ ਨੂੰ ਵਜ਼ੀਫੇ ਸਮੇਂ ਸਿਰ ਨਾ ਮਿਲਣ ਕਾਰਨ ਉਨ੍ਹਾਂ ਦੇ ਸਰਟੀਫਿਕੇਟ ਵਿਦਿਅਕ ਅਦਾਰਿਆਂ ਵੱਲੋਂ ਨਹੀਂ ਦਿੱਤੇ ਜਾਂਦੇ, ਇਸ ਲਈ ਐਸ.ਸੀ. ਬੱਚਿਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੇ ਉਚਿਤ ਕਦਮ ਚੁੱਕੇ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

-------

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

## NON-OFFICIAL RESOLUTION REGARDING TAKING EFFECTIVE STEPS BY THE STATE GOVERNMENT TO FURTHER PROMOTE THE INTEREST OF THE CHILDREN AND YOUTHS TOWARDS SPORTS ON THE ANALOGY OF "KHEDAN WATAN PUNJAB DIYAN"

**ਮਾਨਯੋਗ ਸਪੀਕਰ:** ਸ਼੍ਰੀ ਗੁਰਲਾਲ ਸਿੰਘ, ਐਮ.ਐਲ.ਏ., ਮਤਾ ਪੇਸ਼ ਕਰਨ ਜੀ।

**ਸ਼੍ਰੀ ਗੁਰਲਾਲ ਸਿੰਘ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

> ''ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ''ਖੇਡਾਂ ਵਤਨ ਪੰਜਾਬ ਦੀਆਂ'' ਸਰਕਾਰ ਦੀ ਖੇਡ ਜਗਤ ਪ੍ਰਤੀ ਗੰਭੀਰਤਾ ਦੀ ਬੇਹਤਰੀਨ ਮਿਸਾਲ ਹੋਣ ਕਾਰਨ ਇਸ ਦੀ ਤਰਜ ਤੇ ਸਰਕਾਰ ਵਲੋਂ ਬੱਚਿਆਂ ਅਤੇ ਨੌਜਵਾਨਾਂ ਦੀ ਰੁਚੀ ਖੇਡਾਂ ਵੱਲ ਹੋਰ ਪ੍ਰੇਰਿਤ ਕਰਨ ਲਈ ਅਸਰਦਾਰ ਉਚਿਤ ਕਦਮ ਚੁੱਕੇ ਜਾਣ।''

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ ਕਿ–

> ''ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ''ਖੇਡਾਂ ਵਤਨ ਪੰਜਾਬ ਦੀਆਂ'' ਸਰਕਾਰ ਦੀ ਖੇਡ ਜਗਤ ਪ੍ਰਤੀ ਗੰਭੀਰਤਾ ਦੀ ਬੇਹਤਰੀਨ ਮਿਸਾਲ ਹੋਣ ਕਾਰਨ ਇਸ ਦੀ ਤਰਜ ਤੇ ਸਰਕਾਰ ਵਲੋਂ ਬੱਚਿਆਂ ਅਤੇ ਨੌਜਵਾਨਾਂ ਦੀ ਰੁਚੀ ਖੇਡਾਂ ਵੱਲ ਹੋਰ ਪ੍ਰੇਰਿਤ ਕਰਨ ਲਈ ਅਸਰਦਾਰ ਉਚਿਤ ਕਦਮ ਚੁੱਕੇ ਜਾਣ।''

ਬਹਿਸ।

**ਸ਼੍ਰੀ ਗੁਰਲਾਲ (ਘਨੌਰ):** ਮਾਨਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਪੌਣੇ ਤਿੰਨ ਕਰੋੜ ਪੰਜਾਬੀਆਂ ਦੀ ਅਬਾਦੀ ਅਤੇ ਲੱਖਾਂ ਖਿਡਾਰੀਆਂ ਦੇ ਹੱਕਾਂ ਦੀ ਗੱਲ ਕਰਨ ਲਈ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਪਿਛਲੀਆਂ ਸਰਕਾਰਾਂ ਦੇ ਵਿੱਚ ਖੇਡਾਂ ਵਿੱਚ ਘਪਲੇ ਹੋਏ ਅਤੇ ਖਿਡਾਰੀਆਂ ਦੀਆਂ ਭਰਤੀਆਂ ਵਿੱਚ ਸਪੋਰਟਸ ਕੋਟੇ ਦੀ ਦੁਰਵਰਤੋਂ ਹੋਈ । ਪਰ ਸਾਡੇ ਆਮ ਆਦਮੀ ਪਾਰਟੀ ਦੀ ਸਰਕਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਆਉਂਦਿਆਂ ਸਾਰ ਹੀ ''ਖੇਡਾਂ ਵਤਨ ਪੰਜਾਬ ਦੀਆਂ'' ਦਾ ਆਗਾਜ਼ ਕੀਤਾ। ਜ਼ੋਨ ਲੈਵਲ, ਬਲਾਕ ਲੈਵਲ ਅਤੇ ਜ਼ਿਲ੍ਹਾ ਲੈਵਲ ਦੀਆਂ ਖੇਡਾਂ ਵਿੱਚ ਖਿਡਾਰੀ ਭਾਗ ਲੈ ਰਹੇ ਹਨ ਅਤੇ ਅੱਜ ਹਰ ਪਿੰਡ ਵਿੱਚ ਖੇਡਾਂ ਦਾ ਅਤੇ ਖਿਡਾਰੀਆਂ ਦਾ ਮਾਹੌਲ ਹੈ। ਸਾਡੇ ਸਾਹਮਣੇ ਸਾਡੀ ਕਾਂਗਰਸ ਦੀ ਟੀਮ ਦਾ ਅੱਜ ਪੰਜਾਬ ਦੇ ਦਲਿਤ ਵਿਰੋਧੀ ਹੋਣ ਦਾ ਚਿਹਰਾ ਵੀ ਨੰਗਾ ਹੋਇਆ ਹੈ। ਇਨ੍ਹਾਂ ਦਾ ਖਿਡਾਰੀਆਂ ਦੇ ਵਿਰੋਧੀ ਹੋਣ ਦਾ ਚਿਹਰਾ ਵੀ ਨੰਗਾ ਹੋਇਆ ਹੈ।

29.09.2022/05.20/ਹਰਪ੍ਰੀਤ ਸਿੰਘ/ਅਭਿਸ਼ੇਕ ਗੌਤਮ

ਪਿਛਲੀਆਂ ਸਰਕਾਰਾਂ ਵੇਲੇ ਰਾਣਾ ਸੋਢੀ ਜੀ ਨੇ ਖਿਡਾਰੀਆਂ ਨਾਲ ਧੋਖਾ ਕੀਤਾ। ਸਰਦਾਰ ਪਰਗਟ ਸਿੰਘ ਜੀ ਨੇ ਖਿਡਾਰੀਆਂ ਦੀ ਕੋਈ ਅਵਾਜ਼ ਨਹੀਂ ਉਠਾਈ। ਸਰਦਾਰ ਨਵਜੋਤ ਸਿੰਘ ਸਿੱਧੂ ਨੇ ਖਿਡਾਰੀਆਂ ਦੀ ਬਾਂਹ ਨਹੀਂ ਫੜੀ। ਅੱਜ ਕਾਂਗਰਸੀਆਂ ਦਾ ਦਲਿਤ ਤੇ ਖੇਡਾਂ ਵਿਰੋਧੀ, ਨੌਜੁਆਨੀ ਵਿਰੋਧੀ ਚਿਹਰਾ ਨੰਗਾ ਹੋਇਆ ਹੈ।

*05:21 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਾਡੀ ਸਰਕਾਰ ਨੇ ਨੌਜੁਆਨਾਂ ਦੀ ਬਾਂਹ ਫੜੀ, ਖਿਡਾਰੀਆਂ ਦੀ ਬਾਂਹ ਫੜੀ। ਸਰਦਾਰ ਭਗਵੰਤ ਮਾਨ ਜੀ ਵੱਲੋਂ ਸਰਕਾਰ ਆਉਂਦਿਆਂ ਹੀ ਖਿਡਾਰੀਆਂ ਲਈ ਉਪਰਾਲੇ ਕੀਤੇ ਗਏ, ਇਹ ਬਹੁਤ ਸ਼ਲਾਘਾਯੋਗ ਕਦਮ ਹੈ। ਪਿਛਲੀਆਂ ਸਰਕਾਰਾਂ ਵੇਲੇ ਖਿਡਾਰੀਆਂ ਦੇ ਹੱਕਾਂ ਤੇ ਡਾਕੇ ਮਾਰੇ ਗਏ ਹਨ। ਬਹੁਤ ਘੱਟ ਗਿਣਤੀ ਵਿਚ ਕੋਚਾਂ ਦੀ ਭਰਤੀ ਹੋਣਾ, ਖਿਡਾਰੀਆਂ ਨੂੰ ਸਮੇਂਸਿਰ ਸਕਾਲਰਸ਼ਿਪ ਨਾ ਮਿਲਣਾ। 2018-19 ਤੋਂ ਲੈ ਕੇ ਹੁਣ ਤੱਕ ਸਕਾਲਰਸ਼ਿਪ ਪੈਡਿੰਗ ਪਈਆਂ ਹਨ, ਮਹਾਰਾਜਾ ਰਣਜੀਤ ਸਿੰਘ ਐਵਾਰਡ ਪੈਡਿੰਗ ਪਿਆ ਹੈ। ਸੋ, ਖਿਡਾਰੀਆਂ ਦਾ ਬਹੁਤ ਨੁਕਸਾਨ ਹੋਇਆ ਹੈ। ਸਾਡੇ ਖੇਡ ਮੰਤਰੀ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਜੀ ਨੇ ਖਿਡਾਰੀਆਂ ਦੀ ਬਾਂਹ ਫੜੀ ਹੈ। ਅੱਜ ਪੰਜਾਬ ਦੇ ਵਿਚ, ਹਰ ਪਿੰਡ ਵਿਚ ਖੇਡਾਂ ਦਾ ਮਾਹੌਲ ਬਣਿਆ ਹੋਇਆ ਹੈ। ਪਿਛਲੀਆਂ ਸਰਕਾਰਾਂ ਵਿਚ ਖਿਡਾਰੀਆਂ ਨਾਲ ਧੋਖਾ ਕੀਤਾ ਗਿਆ, ਸਪੋਰਟਸ ਕਿੱਟਾਂ ਵਿਚ ਘਪਲੇ ਹੋਏ। ਸਾਡੇ ਸਕੂਲਾਂ, ਕਾਲਜਾਂ ਵਿਚ ਫਿਜ਼ੀਕਲ ਵਿਸ਼ੇ ਨੂੰ ਵਾਧੂ ਵਿਸ਼ੇ ਦੇ ਤੌਰ ਤੇ ਗਿਣਿਆ ਜਾਂਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਇਸ ਵਿਸ਼ੇ ਨੂੰ ਵਾਧੂ ਵਿਸ਼ਾ ਨਾ ਮੰਨਿਆ ਜਾਵੇ ਸਗੋਂ ਖਿਡਾਰੀਆਂ ਦੇ ਕੋਟੇ ਲਈ ਵਰਤਿਆ ਜਾਵੇ। ਸਾਡੇ ਬਹੁਤ ਸਾਰੇ ਐਨ.ਆਰ.ਆਈਜ਼ ਵੀਰ ਹਨ, ਜਿਨ੍ਹਾਂ ਨੇ ਪੰਜਾਬ ਵਿਚ ਬਹੁਤ ਸਾਰੀਆਂ ਅਕੈਡਮੀਆਂ ਬਣਾਈਆਂ, ਚਾਹੇ ਉਹ ਕਬੱਡੀ ਦੀਆਂ ਹੋਣ, ਚਾਹੇ ਬਾਕਸਿੰਗ ਦੀਆਂ ਹੋਣ, ਚਾਹੇ ਰੈਸਲਿੰਗ ਅਖਾੜੇ ਹੋਣ। ਸੋ, ਅੱਜ ਸਾਨੂੰ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਦੀ ਲੋੜ ਹੈ, ਪੰਜਾਬ ਦੀ ਨੌਜੁਆਨੀ ਨਾਲ ਖੜਨ ਦੀ ਲੋੜ ਹੈ। ਅੱਜ ਕਾਂਗਰਸੀਆਂ ਦਾ ਦਲਿਤ ਵਿਰੋਧੀ, ਖਿਡਾਰੀਆਂ ਵਿਰੋਧੀ, ਨੌਜੁਆਨੀ ਵਿਰੋਧੀ ਚਿਹਰਾ ਨੰਗਾ ਹੋਇਆ ਹੈ ਕਿਉਂਕਿ ਅੱਜ 'ਖੇਡਾਂ ਵਤਨ ਪੰਜਾਬ ਦੀਆਂ' ਤੇ ਮਤਾ ਲਿਆਂਦਾ ਗਿਆ ਹੈ।ਇਨ੍ਹਾਂ ਦੀ ਸਰਕਾਰ ਵੇਲੇ ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਦਾ ਘਪਲਾ ਹੋਇਆ ਸੀ। ਜੇਕਰ ਇਨ੍ਹਾਂ ਨੇ ਆਪਣੀ ਸਰਕਾਰ ਵੇਲੇ ਇਹ ਮੰਗ ਕੀਤੀ ਹੁੰਦੀ, ਤਾਂ ਅੱਜ ਇਨ੍ਹਾਂ ਦੀ ਇਹ ਹਾਲਤ ਨਹੀਂ ਸੀ ਹੋਣੀ। ਸੋ, ਮੈਂ ਪੰਜਾਬ ਸਰਕਾਰ ਤੋਂ ਗੁਜ਼ਾਰਿਸ਼ ਕਰਦਾ ਹਾਂ, ਖੇਡ ਮੰਤਰੀ ਜੀ ਨੂੰ ਅਤੇ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਲਦੀ ਤੋਂ ਜਲਦੀ ਕੋਚਾਂ ਦੀਆਂ

ਭਰਤੀ ਕੀਤੀ ਜਾਵੇ। ਜਿਹੜੇ ਸਾਡੇ ਖਿਡਾਰੀ ਕਾਮਨ ਵੈਲਥ ਗੇਮਾਂ ਵਿਚ ਮੈਡਲ ਲੈ ਕੇ ਆਏ ਸੀ, ਉਨ੍ਹਾਂ ਦਾ ਬਣਦਾ ਸਤਿਕਾਰ ਪਸੀਨਾ ਸੁੱਕਣ ਤੋਂ ਪਹਿਲਾਂ ਦਿੱਤਾ ਜਾਵੇ। ਅੱਜ ਖਿਡਾਰੀਆਂ ਅਤੇ ਨੌਜੁਆਨਾਂ ਨੂੰ ਸਕੂਲਾਂ ਤੋਂ ਗਰਾਉਂਡਾਂ ਤੱਕ ਲਿਜਾਉਣ ਦੀ ਲੋੜ ਹੈ। ਅੱਜ ਪੰਜਾਬ ਦੇ ਵਿਚ ਖੇਡਾਂ ਦਾ ਮਾਹੌਲ ਬਣਿਆ ਹੈ। ਹਰ ਪਿੰਡ ਅਤੇ ਹਰ ਸ਼ਹਿਰ ਵਿਚ ਪਿਛਲੇ ਤਿੰਨ ਮਹੀਨਿਆਂ ਦੌਰਾਨ ਖੇਡਾਂ ਦਾ ਮਾਹੌਲ ਬਣਿਆ ਹੋਇਆ ਹੈ। ਅੱਜ ਖਿਡਾਰੀਆਂ ਦੇ ਹੱਕਾਂ ਦੀ ਗੱਲ ਹੋਈ ਹੈ। ਸੋ, ਸਾਡੀਆਂ ਯੂਨੀਵਰਸਿਟੀਆਂ, ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿਚ ਖੇਡਾਂ ਨੂੰ ਉੱਪਰ ਲੈ ਕੇ ਜਾਣ ਦੀ ਲੋੜ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ।

ਅ.ਕ/ਅ.ਗ/5.25/29.9.2022
**ਮਾਨਯੋਗ ਡਿਪਟੀ ਸਪੀਕਰ:** ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਬਹੁਤ ਹੀ ਅਹਿਮ ਮੁੱਦਾ ਖੇਡਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਜਿਨ੍ਹਾਂ ਨੇ ਇੰਨਾ ਵੱਡਾ ਉਪਰਾਲਾ ਕੀਤਾ ਹੈ। ਪੰਜਾਬ ਦੇ ਵਿੱਚ ਨਵੀਂ ਖੇਡ ਨੀਤੀ ਲਿਆਂਦੀ ਗਈ ਹੈ "ਖੇਡਾਂ ਵਤਨ ਪੰਜਾਬ ਦੀਆਂ" ਅਤੇ ਇਹ ਨੀਤੀ ਅਪਣਾਈ ਵੀ ਗਈ ਹੈ। 29 ਅਗਸਤ ਨੂੰ ਇਸ ਦਾ ਆਗਾਜ਼ ਹੋਇਆ ਅਤੇ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ ਜਿਹੜੇ ਕਿ ਆਪ ਖੁਦ ਇੱਕ ਖਿਡਾਰੀ ਹਨ, ਉਨ੍ਹਾਂ ਨੇ ਆਪ ਖੇਡ ਕੇ ਇਸ ਖੇਡ ਨੀਤੀ ਦਾ ਇਸ ਇੱਕ ਲਹਿਰ ਦਾ ਆਗਾਜ਼ ਕੀਤਾ ਹੈ। ਉਸ ਤੋਂ ਬਾਅਦ ਇਸ ਦਾ ਕਰੈਡਿਟ ਮੈਂ ਆਪਣੇ ਖੇਡ ਮੰਤਰੀ ਸ਼੍ਰੀ ਮੀਤ ਹੇਅਰ ਜੀ ਨੂੰ ਦੇਣਾ ਚਾਹੁੰਦਾ ਹਾਂ। ਇੱਕ ਨੌਜੁਆਨ ਹੀ ਖੇਡ ਨੀਤੀ ਨੂੰ ਸਮਝ ਸਕਦਾ ਹੈ। ਜਿਸ ਤਰ੍ਹਾਂ ਮੈਂ ਪੁਰਾਣੇ ਸਮੇਂ ਦੀ ਗੱਲ ਕਰਾਂ ਤਾਂ ਸਾਲ 2000 ਤੋਂ ਪਹਿਲਾਂ ਪੰਜਾਬ ਖੇਡਾਂ ਦੇ ਵਿੱਚ ਇੱਕ ਨੰਬਰ ਦਾ ਸੂਬਾ ਹੁੰਦਾ ਸੀ। ਪਰ ਪਿਛਲੇ 15-20 ਸਾਲਾਂ ਦੇ ਵਿੱਚ ਪੁਰਾਣੀਆਂ ਸਰਕਾਰਾਂ ਨੇ ਸਾਡੇ ਖਿਡਾਰੀਆਂ ਨੂੰ ਤਾਂ ਕੀ ਉੱਪਰ ਚੁੱਕਣਾ ਸੀ, ਉਨ੍ਹਾਂ ਦੇ ਜੋ ਵੀ ਬਣਦੇ ਭੱਤੇ ਸਨ ਉਨ੍ਹਾਂ ਨੇ ਉਹ ਵੀ ਹਜਮ ਕਰ ਲਏ। ਇਹ 15-20 ਸਾਲਾਂ ਦਾ ਵਕਫਾ ਪੰਜਾਬ ਦੇ ਖਿਡਾਰੀਆਂ ਵਾਸਤੇ ਬੜਾ ਮਾੜਾ ਰਿਹਾ ਹੈ। ਅੱਜ ਪੰਜਾਬ ਦੇ ਵਿੱਚ ਇੱਕ ਖੇਡਾਂ ਪ੍ਰਤੀ ਲਹਿਰ ਚੱਲੀ ਹੋਈ ਹੈ। ਅੱਜ ਜਿੰਨੇ ਵੀ ਸਕੂਲਾਂ ਦੇ ਵਿੱਚ ਜਾਓ, ਜਿੱਥੇ ਵੀ ਜਾਓ, ਉਥੇ ਮੁਕਾਬਲੇ ਹੋ ਰਹੇ ਹਨ। ਕਿਤੇ ਕੋਈ ਬਾਸਕਟਬਾਲ ਦਾ ਮੁਕਾਬਲਾ ਹੋ ਰਿਹਾ ਹੈ, ਕਿਤੇ ਜੂਡੋ ਦਾ ਮੁਕਾਬਲਾ ਹੋ ਰਿਹਾ ਹੈ, ਕਿਤੇ ਵਾਲੀਵਾਲ ਦਾ ਮੁਕਾਬਲਾ ਹੋ ਰਿਹਾ ਹੈ ਅਤੇ ਕਿਤੇ ਰੱਸਾ-ਕੱਸੀ ਦਾ ਹੋ ਰਿਹਾ ਹੈ। ਅੱਜ ਸਾਰੇ ਪੰਜਾਬ ਦੇ ਵਿੱਚ ਖੇਡਾਂ ਦਾ ਮਾਹੌਲ ਬਣਿਆ ਪਿਆ ਹੈ। ਇੱਕ ਬਲਾਕ ਦੇ ਵਿੱਚ ਤਕਰੀਬਨ-ਤਕਰੀਬਨ ਤਿੰਨ ਚਾਰ ਹਜ਼ਾਰ ਤੋਂ ਵੱਧ ਬੱਚੇ ਇਨ੍ਹਾਂ ਖੇਡਾਂ

ਦੇ ਵਿੱਚ ਪਾਰਟੀਸਪੇਟ ਕਰ ਰਹੇ ਹਨ। ਜੇ ਮੈਂ ਜ਼ਿਲ੍ਹੇ ਦੀ ਗੱਲ ਕਰਾਂ, ਇੱਕ ਜ਼ਿਲ੍ਹੇ ਦੇ ਵਿੱਚ ਤਕਰੀਬਨ-ਤਕਰੀਬਨ 15 ਤੋਂ 20 ਹਜ਼ਾਰ ਬੱਚੇ ਇਨ੍ਹਾਂ ਖੇਡਾਂ ਦੇ ਵਿੱਚ ਪਾਰਟੀਸੀਪੇਟ ਕਰ ਰਹੇ ਹਨ। 9000 ਦੇ ਕਰੀਬ ਬੱਚੇ ਜ਼ਿਲ੍ਹੇ ਦੇ ਵਿੱਚ ਪਰਫਾਰਮ ਕਰ ਰਹੇ ਹਨ। ਜੇ ਮੈਂ ਗੱਲ ਕਰਾਂ common wealth ਖੇਡਾਂ ਦੀ, ਉਥੋਂ ਜਿਹੜੇ ਖਿਡਾਰੀ ਜਿੱਤ ਕੇ ਆਏ ਹਨ, ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਵੱਲੋਂ 9 ਕਰੋੜ ਰੁਪਏ ਦੇ ਕਰੀਬ ਦੀ ਰਾਸ਼ੀ ਵੰਡੀ ਗਈ ਹੈ। ਇੱਕ ਸਾਡੇ ਓਲੰਪੀਅਨ ਬਲਬੀਰ ਸਿੰਘ ਜੀ ਰਹੇ ਹਨ, ਜਿਨ੍ਹਾਂ ਦੇ ਨਾਂ ਤੇ ਇੱਕ ਸੀਨੀਅਰ ਵਜੀਫਾ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਸੀਨੀਅਰ ਖਿਡਾਰੀਆਂ ਨੂੰ ਜਿਨ੍ਹਾਂ ਚਿਰ ਉਹ ਖੇਡਣਗੇ, 8000 ਰੁਪਿਆ ਮਹੀਨਾ ਵਜੀਫਾ ਮਿਲਿਆ ਕਰੇਗਾ। ਉਸ ਤੋਂ ਬਾਅਦ ਜਿਹੜੇ ਜੂਨੀਅਰ ਖਿਡਾਰੀ ਹਨ, ਉਨ੍ਹਾਂ ਨੂੰ ਸਾਲ ਦੇ ਵਿੱਚ 6000 ਰੁਪਿਆ ਮਿਲਿਆ ਕਰੇਗਾ। ਇਸ ਤੋਂ ਬਾਅਦ ਤਕਰੀਬਨ-ਤਕਰੀਬਨ ਖਿਡਾਰੀਆਂ ਦੀ ਹੈਲਥ ਦੀ insurance ਵੀ ਕੀਤੀ ਗਈ ਹੈ। ਪਿਛਲੇ ਸਮੇਂ ਦੇ ਵਿੱਚ ਜਿਹੜੇ ਵੱਡੇ ਵੱਡੇ ਖਿਡਾਰੀ ਹੋਏ ਹਨ, ਜਿਵੇਂ ਕਿ ਮਿਲਖਾ ਸਿੰਘ ਜੀ, ਬਲਬੀਰ ਸਿੰਘ ਜੀ, ਹਰਭਜਨ ਸਿੰਘ ਗਾਮੇ ਪਹਿਲਵਾਨ ਵਰਗੇ, ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਦੇ ਵਿੱਚ ਇਸ ਨੀਤੀ ਦੇ ਨਾਲ ਸਾਡੇ ਇਹੋ ਜਿਹੇ ਖਿਡਾਰੀ ਹੋਰ ਪੈਦਾ ਹੋਣਗੇ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸਾਡੇ ਨੌਜੁਆਨਾਂ ਨੂੰ ਸਿਵਾਏ ਨਸ਼ਿਆਂ ਤੋਂ, ਸਿਵਾਏ ਬੇਰੁਜ਼ਗਾਰੀ ਤੋਂ ਅਤੇ ਸਿਵਾਏ ਬਾਹਰ ਜਾਣ ਤੋਂ ਬਿਨ੍ਹਾਂ ਕੁਝ ਨਹੀਂ ਦਿੱਤਾ ਹੈ। ਜਿਹੜੇ ਅੱਜ ਖਿਡਾਰੀ ਗਰਾਉਂਡਾਂ ਦੇ ਵਿੱਚ ਖੇਡ ਰਹੇ ਹਨ, ਆਉਣ ਵਾਲੇ ਪੰਜਾਂ ਸਾਲਾਂ ਦੇ ਵਿੱਚ ਉਹੀ ਖਿਡਾਰੀ ਸਟੇਟ ਦੇ ਵਿੱਚ ਖੇਡਣਗੇ, ਇੰਟਰਨੈਸ਼ਨਲ ਦੇ ਵਿੱਚ ਖੇਡਣਗੇ ਅਤੇ Olympics ਦੇ ਵਿੱਚ ਖੇਡਣਗੇ। ਮੈਂ ਅਪੀਲਾਂ ਵੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਸਕੂਲਾਂ ਦੇ ਵਿੱਚ ਜਿਹੜੇ physical education ਦੇ ਜਿਹੜੇ ਅਧਿਆਪਕ ਹਨ, ਉਨ੍ਹਾਂ ਦੀ ਵੱਧ ਤੋਂ ਵੱਧ ਭਰਤੀ ਕੀਤੀ ਜਾਵੇ। ਸਾਨੂੰ ਇਸ ਚੀਜ਼ ਵੱਲ ਹੋਰ ਵੀ ਧਿਆਨ ਦੇਣਾ ਚਾਹੀਦਾ ਹੈ। ਜਿੰਨੀ ਅਸੀਂ ਆਉਣ ਵਾਲੇ ਸਮੇਂ ਵਿੱਚ ਵੱਧ ਤੋਂ ਵੱਧ ਭਰਤੀ ਕਰ ਸਕਦੇ ਹਾਂ ਜਿਵੇ ਕਿ ਇਹ ਜਿਹੜੇ ਡੀ.ਪੀ. ਮਾਸਟਰ ਹੁੰਦੇ ਹਨ।

(ਇਸ ਸਮੇਂ ਤੱਕ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਖੜ੍ਹੇ ਹੋ ਕੇ ਸਰਕਾਰ ਅਤੇ ਚੇਅਰ ਵਿਰੋਧੀ ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ, ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਡਿਪਟੀ ਸਪੀਕਰ:** ਹੁਣ ਸਦਨ ਸ਼ੁੱਕਰਵਾਰ, ਮਿਤੀ 30 ਸਤੰਬਰ, 2022 ਨੂੰ 11:00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*05:30 ਵਜੇ ਸ਼ਾਮ) (ਇਸ *ਸਮੇਂ ਸਦਨ ਸ਼ੁੱਕਰਵਾਰ, ਮਿਤੀ 30 ਸਤੰਬਰ, 2022 ਦੇ 11:00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)